1

# ਹੁਣ ਤਕ ਲਿਖੀ ਜਾਣ ਵਾਲੀ ਸਭ ਤੋਂ ਵੱਡੀ ਲੜੀ

## (1:1, 2)

ਗਰਮੀਆਂ ਦੀ ਇਕ ਰੁੱਤੇ ਜਦ ਮੈਂ ਰੋਮਾਨੀਆਂ ਵਿਚ ਸਾਂ, ਤਾਂ ਮੇਰੀ ਬੇਟੀ ਸਿੰਡੀ ਨੇ ਮੈਨੂੰ ਬੱਚਿਆਂ ਲਈ ਮੈਡਲਿਨ ਲਿੰਗਲੇ ਦੀ ਕਿਤਾਬ *ਏ ਰਿੰਕਲ ਇਨ ਟਾਈਮ* ਬਾਰੇ ਦੱਸਿਆ। ਸਿੰਡੀ ਅਤੇ ਮੇਰੇ ਦੋਹਤੇ ਸੇਥ ਨੂੰ ਇਹ ਕਿਤਾਬ ਬਹੁਤ ਚੰਗੀ ਲੱਗੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੈਂ ਇਸੇ ਲੇਖਕ ਦੀਆਂ ਹੋਰ ਕਿਤਾਬਾਂ ਦੀ ਭਾਲ ਕਰਾਂ ਖ਼ਾਸ ਕਰਕੇ *ਏ ਰਿੰਕਲ ਇਨ ਟਾਈਮ* ਵਾਲੀ ਲੜੀ ਦੀਆਂ ਕਿਤਾਬਾਂ। ਮੈਂ ਇਸ ਨੂੰ ਸਮਝਦਾ ਹਾਂ। ਜੇ ਇਸ ਕਿਤਾਬ ਤੋਂ ਮੈਨੂੰ ਅਨੰਦ ਆਏ, ਤਾਂ ਮੈਂ ਇਸਨੂੰ ਇਸ ਅਫ਼ਸੋਸ ਨਾਲ ਮੁਕਾਵਾਂਗਾ ਕਿ ਇਸ ਦੇ ਪਾਤਰਾਂ ਦਾ ਕੀ ਬਣਿਆ। ਮੈਂ ਉਨ੍ਹਾਂ ਬਾਰੇ ਹੋਰ ਵੀ ਜਾਣਨਾ ਚਾਹਾਂਗਾ। ਜੇ ਪਤਾ ਲੱਗੇ ਕਿ ਇਸ ਲੜੀ ਵਿਚ ਕੁਝ ਹੋਰ ਵੀ ਕਿਤਾਬਾਂ ਹਨ ਤਾਂ ਮੈਂ ਉਹ ਵੀ ਲੈ ਕੇ ਪੜ੍ਹਨਾ ਚਾਹਾਂਗਾ। ਉਨ੍ਹਾਂ ਵਿੱਚੋਂ ਕੋਈ ਕਿਤਾਬ ਮਿਲ ਜਾਵੇ ਤਾਂ ਮੈਂ ਬਿਨਾ ਦੇਰ ਕੀਤਿਆਂ ਉਸ ਨੂੰ ਲੈ ਲਵਾਂਗਾ।[1]

ਇੰਜੀਲ ਦੀ ਕਹਾਣੀ ਵੀ ਇਕ ਲੜੀ ਹੈ। ਇਹ ਹੁਣ ਤਕ ਦੀਆਂ ਲਿਖੀਆਂ ਜਾਣ ਵਾਲੀਆਂ ਲੜੀਆਂ ਵਿੱਚੋਂ ਸਭ ਤੋਂ ਉੱਤਮ, ਲੜੀਆਂ ਦੀ ਲੜੀ ਅਰਥਾਤ ਮਸੀਹ ਦੀ ਕਹਾਣੀ ਦੀ ਲੜੀ ਹੈ। ਅਸੀਂ ਇਸ ਨੂੰ ਰਸੂਲਾਂ ਦੇ ਕਰਤੱਬ ਜਾਂ ਰਸੂਲਾਂ ਦੇ ਕੰਮ ਦੀ ਕਿਤਾਬ ਆਖਦੇ ਹਾਂ। ਵਿਲੀਅਮ ਬਾਰਕਲੇ ਦੇ ਮੁਤਾਬਕ, ''ਇਕ ਤਰ੍ਹਾਂ ਰਸੂਲਾਂ ਦੇ ਕੰਮ ਦੀ ਕਿਤਾਬ, ਨਵੇਂ ਨੇਮ ਵਿਚ ਸਭ ਤੋਂ ਅਹਿਮ ਹੈ।'' ਮਾਸਟਰ ਮੌਂਟੀ ਕੌਕਸ ਨੇ ਧਿਆਨ ਦਵਾਇਆ ਹੈ ਕਿ ਰਸੂਲਾਂ ਦੇ ਕੰਮ ਦੀ ਕਿਤਾਬ, ''ਇੰਜੀਲ ਦੀਆਂ ਕਿਤਾਬਾਂ ਅਤੇ ਪੱਤਰੀਆਂ ਵਿਚਕਾਰ ਇਕ ਪੁਲ ਹੈ'' ਅਤੇ ''ਨਵੇਂ ਨੇਮ ਦੀ ਮਹੱਤਵਪੂਰਣ ਕਿਤਾਬ ਹੈ।'' ਰਸੂਲਾਂ ਦੇ ਕੰਮ ਤੇ ਆਪਣੇ ਟੀਕਾ ਵਿਚ ਐਂਥਨੀ ਲੀ ਐਸ਼ ਨੇ ਲਿਖਿਆ ਹੈ, ''ਰਸੂਲਾਂ ਦੇ ਕੰਮ ਦੀ ਕਿਤਾਬ ਦੇ ਬਿਨਾ ਸਾਨੂੰ ਇਸ ਦਾ (ਯਾਨੀ ਪਹਿਲੀ ਸਦੀ ਦੀ ਕਲੀਸੀਆ ਦੇ ਇਤਿਹਾਸ ਦਾ) ਕੁਝ ਵੀ ਪਤਾ ਨਹੀਂ ਚੱਲ ਸਕਦਾ।''

ਸਾਡੇ ਕੋਲ ਇੰਜੀਲ ਦੇ ਚਾਰ ਵਿਰਤਾਂਤ ਹਨ। ਉਨ੍ਹਾਂ ਵਿੱਚੋਂ ਅਸੀਂ ਕਿਸੇ ਨੂੰ ਵੀ ਗੁਆਉਣਾ ਨਹੀਂ ਚਾਹੁੰਦੇ, ਪਰ ਜੇ ਉਨ੍ਹਾਂ ਵਿੱਚੋਂ ਇਕ ਨਾ ਵੀ ਮਿਲਦਾ, ਤਾਂ ਵੀ ਅਸੀਂ ਯਿਸੂ ਬਾਰੇ ਕਾਫ਼ੀ ਕੁਝ ਜਾਣ ਸਕਦੇ ਸਾਂ। ਸਾਡੇ ਕੋਲ ਇੱਕੀ ਪੱਤਰੀਆਂ ਹਨ। ਅਸੀਂ ਉਨ੍ਹਾਂ ਵਿੱਚੋਂ ਇਕ ਵੀ ਗੁਆਉਣਾ ਨਹੀਂ ਚਾਹੁੰਦੇ, ਪਰ ਜੇ ਉਨ੍ਹਾਂ ਵਿੱਚੋਂ ਇਕ ਨਾ ਵੀ ਹੁੰਦੀ ਤਾਂ ਵੀ ਮਸੀਹ ਦੀ ਬੁਨਿਆਦੀ ਸਿੱਖਿਆ ਅਤੇ ਉਹਦੇ ਰਾਹ ਬਾਰੇ ਸਾਨੂੰ ਪਤਾ ਲੱਗ ਸਕਦਾ ਸੀ। ਪਰ ਨਵੇਂ ਨੇਮ

ਵਿਚ ਇਤਿਹਾਸ ਦੀ ਕਿਤਾਬ ਸਿਰਫ਼ ਇੱਕੋ ਹੈ, ਰਸੂਲਾਂ ਦੇ ਕੰਮ। ਇਸ ਦੇ ਬਗੈਰ, ਉਨ੍ਹਾਂ ਕੁਝ ਕੁ ਗੱਲਾਂ ਦੇ ਜਿਹੜੀਆਂ ਪੌਲੁਸ ਨੇ ਆਪਣੀਆਂ ਪੱਤਰੀਆਂ ਵਿਚ ਦੱਸੀਆਂ ਹਨ ਮੁਢਲੀ ਕਲੀਸੀਆ ਦੇ ਕੰਮਾਂ ਬਾਰੇ ਸਾਨੂੰ ਕੁਝ ਵੀ ਪਤਾ ਨਾ ਚੱਲਦਾ। ਰਸੂਲਾਂ ਦੇ ਕੰਮ ਦੀ ਕਿਤਾਬ ਦੇ ਬਗੈਰ ਸਾਨੂੰ ਕਿੰਨਾ ਨੁਕਸਾਨ ਹੋਣਾ ਸੀ!

ਅਸੀਂ ਇਸ ਮਹਾਨ ਕਿਤਾਬ ਦਾ ਅਧਿਐਨ ਕਰਨ ਵਾਲੇ ਹਾਂ। ਲੰਮਾ ਹੋਣ ਕਰਕੇ ਇਹ ਅਧਿਐਨ ਕੁਝ ਚੁਨੌਤੀ ਭਰਿਆ ਹੋਵੇਗਾ। ਨਵੇਂ ਨੇਮ ਦੀ ਇਹ ਤੀਜੀ ਸਭ ਤੋਂ ਲੰਮੀ ਕਿਤਾਬ ਹੈ। ਲੂਕਾ ਸਭ ਤੋਂ ਲੰਮੀ ਹੈ, ਮੱਤੀ ਦੂਜੇ ਨੰਬਰ ਤੇ ਹੈ। ਰਸੂਲਾਂ ਦੇ ਕੰਮ ਦੀ ਕਿਤਾਬ ਕਰੀਬ ਕਰੀਬ ਮੱਤੀ ਵਾਂਗ ਹੀ ਹੈ। ਸੰਯੋਗ ਨਾਲ, ਇਹਦਾ ਮਤਲਬ ਇਹ ਹੋਇਆ ਕਿ ਲੂਕਾ ਨੇ ਨਵੇਂ ਨੇਮ ਵਿਚ ਕਿਸੇ ਵੀ ਹੋਰ ਲੇਖਕ ਨਾਲੋਂ ਵੱਧ ਲਿਖਿਆ ਹੈ। ਉਸ ਨੇ ਜ਼ਿਆਦਾ ਕਿਤਾਬਾਂ ਨਹੀਂ (ਪੌਲੁਸ ਨੇ ਤੇਰਾਂ ਜਾਂ ਚੌਦਾਂ, ਅਤੇ ਯੂਹੰਨਾ ਨੇ ਪੰਜ) ਲਿਖੀਆਂ, ਪਰ ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਮਿਲ ਕੇ ਨਵੇਂ ਨੇਮ ਦਾ ਲਗਭਗ 30 ਪ੍ਰਤੀਸ਼ਤ ਭਾਗ ਬਣ ਜਾਂਦੀਆਂ ਹਨ।

ਮੈਂ ਇਸ ਅਧਿਐਨ ਨੂੰ ''ਜੋਸ਼ ਨਾਲ ਭਰੀ ਮਸੀਹੀਅਤ'' ਦਾ ਨਾਂ ਦੇ ਰਿਹਾ ਹਾਂ। ਉਮੀਦ ਕਰਦਾ ਹਾਂ ਕਿ ਸਾਡੇ ਇਸ ਅਧਿਐਨ ਵਿਚ ਮੁਢਲੇ ਦਿਨਾਂ ਵਾਲੀ ਕਲੀਸੀਆ ਦਾ ਜੋਸ਼ ਨਜ਼ਰ ਆਵੇਗਾ। ਖ਼ਾਸ ਕਰਕੇ ਮੈਂ ਇਹ ਉਮੀਦ ਕਰਦਾ ਹਾਂ ਕਿ ਇਹ ਜੋਸ਼ ਸਾਡੇ ਮਨਾਂ ਅਤੇ ਜ਼ਿੰਦਗੀਆਂ ਵਿਚ ਵੀ ਆ ਜਾਵੇਗਾ।

## ਸਿਰਲੇਖ

ਰਸੂਲਾਂ ਦੇ ਕੰਮ ਦੀ ਕਿਤਾਬ ਦੀ ਜਾਣ ਪਛਾਣ ਸ਼ੁਰੂ ਕਰਨ ਦਾ ਵਧੀਆ ਢੰਗ ਆਪਣੀ ਬਾਈਬਲ ਵਿੱਚੋਂ ਇਸ ਦੇ ਸਿਰਲੇਖ ਨੂੰ ਵੇਖਣਾ ਹੈ। [ਪੰਜਾਬੀ ਬਾਈਬਲ ਦੇ ਪੁਰਾਣੇ ਅਨੁਵਾਦ ਵਿਚ ਇਹਦਾ ਸਿਰਲੇਖ ''ਰਸੂਲਾਂ ਦੇ ਕਰਤੱਬ'' ਅਤੇ ਨਵੇਂ ਅਨੁਵਾਦ ਵਿਚ ''ਰਸੂਲਾਂ ਦੇ ਕੰਮ'' ਕੀਤਾ ਗਿਆ ਹੈ। ਦੂਜੇ ਅਨੁਵਾਦਾਂ ਦੀ ਤੁਲਨਾ ਕਰਨ ਤੇ ''ਰਸੂਲਾਂ ਦੇ ਕੰਮ'' ਸਿਰਲੇਖ ਵਧੇਰੇ ਸਹੀ ਲਗਦਾ ਹੈ, ਕਿਉਂਕਿ ''ਕਰਤੱਬ'' ਤੋਂ ਮਦਾਰੀ ਦੁਆਰਾ ਕੀਤੇ ਜਾਣ ਵਾਲੇ ''ਕਰਤੱਬ'' ਦਾ ਭੁਲੇਖਾ ਪੈ ਸਕਦਾ ਹੈ। ਇਸ ਲਈ ਅਸੀਂ ''ਰਸੂਲਾਂ ਦੇ ਕੰਮ'' ਸਿਰਲੇਖ ਦੀ ਵਰਤੋਂ ਹੀ ਕਰਾਂਗੇ-ਅਨੁਵਾਦਕ।]

ਇਹ ਸਿਰਲੇਖ ਆਤਮਾ ਦੀ ਪ੍ਰੇਰਣਾ ਨਾਲ ਨਹੀਂ ਦਿੱਤੇ ਗਏ ਹਨ। ਪਹਿਲੀ ਸਦੀ ਦੀ ਕਲੀਸੀਆ ਇਨ੍ਹਾਂ ਵਿੱਚੋਂ ਕਿਸੇ ਸਿਰਲੇਖ ਦੀ ਵਰਤੋਂ ਨਹੀਂ ਕਰਦੀ ਸੀ। ਰਸੂਲਾਂ ਦੇ ਕੰਮ ਮੂਲ ਰੂਪ ਵਿਚ ''ਮਸੀਹੀ ਸ਼ੁਰੂਆਤ ਦਾ ਇਤਿਹਾਸ'' ਯਾਨੀ ''ਅਰੰਭ'' ਨਾਮਕ ਦੋ ਕਿਤਾਬਾਂ ਦੇ ਇਕ ਸੈੱਟ ਦਾ ਹਿੱਸਾ ਸੀ। ਇਹ ਰਚਨਾਵਾਂ ਇਸੇ ਰੂਪ ਵਿਚ ਕਲੀਸੀਆਵਾਂ ਵਿਚ ਵੰਡੀਆਂ ਗਈਆਂ। ਪਹਿਲੀ ਸਦੀ ਦੇ ਅਖ਼ੀਰ ਜਾਂ ਦੂਜੀ ਸਦੀ ਦੇ ਸ਼ੁਰੂ ਵਿਚ, ਪਹਿਲੀ ਕਿਤਾਬ ਨੂੰ ਵੱਖ ਕਰਕੇ ਇੰਜੀਲ ਦੇ ਮੱਤੀ, ਮਰਕੁਸ ਅਤੇ ਯੂਹੰਨਾ ਦੇ ਬਿਰਤਾਂਤ ਨਾਲ ਮਿਲਾ ਕੇ ਇਸ ਨੂੰ ''ਲੂਕਾ ਦੀ ਇੰਜੀਲ'' ਨਾਂ ਨਾਲ ਜਾਣਿਆ ਜਾਣ ਲੱਗਾ। ਉਸ ਸਮੇਂ ਦੀ ਦੂਜੀ ਕਿਤਾਬ ਅੱਜ ਸਾਡੇ ਲਈ ਰਸੂਲਾਂ ਦੇ ਕਰਤੱਬ ਜਾਂ ਰਸੂਲਾਂ ਦੇ ਕੰਮ ਬਣ ਗਈ। ਉਦੋਂ ਵੀ ਇਸ ਨੂੰ ਵੱਖ ਵੱਖ ਨਾਵਾਂ ਨਾਲ ਜਾਣਿਆ ਜਾਂਦਾ ਸੀ ਜਿਵੇਂ ਕਿ ਅਸੀਂ ਉੱਪਰ ''ਰਸੂਲਾਂ ਦੇ ਕੰਮ'' ਨੂੰ ਵੇਖਿਆ ਹੈ।

''ਰਸੂਲਾਂ ਦੇ ਕੰਮ'' ਸਿਰਲੇਖ ਤੋਂ ਮੈਨੂੰ ਜ਼ਿਆਦਾ ਦਿੱਕਤ ਨਹੀਂ ਹੈ। ਪਰ ਹੋ ਸਕਦਾ ਹੈ ਕਿ ਇਸ ਨਾਲ ਇਹ ਲੱਗੇ ਕਿ ਇਸ ਵਿਚ *ਸਾਰੇ* ਰਸੂਲਾਂ ਦੇ *ਸਾਰੇ* ਕੰਮ ਲਿਖੇ ਗਏ ਹਨ। ਜਦ ਕਿ

ਅਧਿਆਇ 1 ਦੇ ਬਿਨਾਂ ਜਿਸ ਵਿਚ *ਸਾਰੇ ਰਸੂਲਾਂ ਦੇ ਕੁਝ ਹੀ ਕੰਮਾਂ* ਦਾ ਜ਼ਿਕਰ ਹੈ, ਕਿਤਾਬ ਵਿਚ ਜਿਨ੍ਹਾਂ ਰਸੂਲਾਂ[2] ਦੇ ਨਾਵਾਂ ਦਾ ਜ਼ਿਕਰ ਹੈ, ਉਹ ਸਿਰਫ ਪਤਰਸ, ਪੌਲੁਸ, ਯਾਕੂਬ ਅਤੇ ਯੂਹੰਨਾ ਹੀ ਹਨ।[3] ਇਨ੍ਹਾਂ ਵਿੱਚੋਂ ਯਾਕੂਬ ਅਤੇ ਯੂਹੰਨਾ ਬਾਰੇ ਤਾਂ ਬਹੁਤ ਹੀ ਘੱਟ ਦੱਸਿਆ ਗਿਆ ਹੈ। ਅਸੀਂ ਕਹਿ ਸਕਦੇ ਹਾਂ ਕਿ ਇਹ ਕਿਤਾਬ ਕੁਝ ਰਸੂਲਾਂ ਦੇ *ਕੁਝ* ਹੀ ਕੰਮਾਂ ਬਾਰੇ ਦੱਸਦੀ ਹੈ। ਖ਼ਾਸ ਕਰਕੇ ਕਿਤਾਬ ਦਾ ਪਹਿਲਾ ਭਾਗ ਪਤਰਸ ਦੇ ਕੁਝ ਕੰਮਾਂ ਬਾਰੇ ਦੱਸਦਾ ਹੈ ਅਤੇ ਇਸ ਦਾ ਆਖ਼ਰੀ ਭਾਗ ਪੌਲੁਸ ਦੇ ਕੁਝ ਕੰਮਾਂ ਬਾਰੇ ਦੱਸਦਾ ਹੈ।

''ਰਸੂਲਾਂ ਦੇ ਕੰਮ'' ਸ਼ਬਦ ਉਦਾਰ ਵੀ ਹੈ ਅਤੇ ਸੀਮਤ ਵੀ। ਇਹ ਉਦਾਰ ਇਸ ਲਈ ਹੈ ਕਿਉਂਕਿ ਕਿਤਾਬ ਸਾਰੇ ਰਸੂਲਾਂ ਦੇ ਕੰਮਾਂ ਬਾਰੇ ਨਹੀਂ ਦੱਸਦੀ ਹੈ ਅਤੇ ਸੀਮਤ ਇਸ ਲਈ ਹੈ ਕਿਉਂਕਿ ਪਤਰਸ ਅਤੇ ਪੌਲੁਸ ਦੇ ਇਲਾਵਾ ਇਸ ਦੇ ਮੁੱਖ ਪਾਤਰ ਰਸੂਲ ਹੈ ਵੀ ਨਹੀਂ। ਸਗੋਂ ਉਹ ''ਆਮ'' ਮਸੀਹੀ ਹਨ ਜਿਹੜੇ ਇੰਜੀਲ ਦੇ ਪ੍ਰਚਾਰ ਲਈ ਆਪਣੀ ਪੂਰੀ ਕੋਸ਼ਿਸ਼ ਕਰਦੇ ਹਨ: ਉਨ੍ਹਾਂ ਮਸੀਹੀਆਂ ਵਿਚ ਇਸਤੀਫ਼ਾਨ, ਫ਼ਿਲਿੱਪੁਸ, ਬਰਨਬਾਸ, ਸੀਲਾਸ, ਤਿਮੋਥਿਉਸ, ਅਪੁੱਲੋਸ, ਅੱਕਵਿੱਲਾ ਅਤੇ ਪ੍ਰਿਸਕਿੱਲਾ ਦੇ ਨਾਂ ਪ੍ਰਮੁੱਖ ਹਨ।

ਇਸ ਅਧਿਐਨ ਵਿਚ ਮੈਂ ''ਰਸੂਲਾਂ ਦੇ ਕੰਮ'' ਸਿਰਲੇਖ ਹੀ ਵਰਤਾਂਗਾ। ਇਹ ਸਿਰਲੇਖ ਕੁਝ ਨੀਰਸ ਤਾਂ ਲਗਦੇ ਹਨ, ਪਰ ਇਨ੍ਹਾਂ ਤੋਂ ਅਸੀਂ ਉਸ ਮੁਸ਼ਕਲ ਨੂੰ ਟਾਲ ਸਕਦੇ ਹਾਂ ਜਿਹੜੀ ਕਿਸੇ ਹੋਰ ਨਾਂ ਨਾਲ ਪੈਦਾ ਹੋ ਸਕਦੀ ਹੈ।

## ਕਿਤਾਬ

ਕਿਤਾਬ ਦਾ ਅਧਿਐਨ ਕਰਨ ਦੀ ਤਿਆਰੀ ਕਰਦਿਆਂ, ਅਜਿਹੇ ਸਵਾਲਾਂ ਤੇ ਵਿਚਾਰ ਕਰਨਾ ਲਾਹੇਵੰਦ ਹੋਵੇਗਾ ਕਿ ''ਇਹ ਕਿਤਾਬ ਕਿਸ ਨੇ ਲਿਖੀ?''; ''ਕਿਸ ਦੇ ਨਾਂ ਲਿਖੀ?''; ''ਕਦੋਂ ਲਿਖੀ?''; ਅਤੇ ''ਕਿਉਂ ਲਿਖੀ?'' ਇਨ੍ਹਾਂ ਸਵਾਲਾਂ ਦੇ ਜਵਾਬ ਪਾਉਣ ਲਈ ਅਸੀਂ ਇਸ ਪਾਠ ਲਈ ਬਾਈਬਲ ਦੀਆਂ ਆਇਤਾਂ ਵਿੱਚੋਂ ਵੇਖਦੇ ਹਾਂ। ਅਸੀਂ ਪਹਿਲੇ ਅਧਿਆਇ ਦੀਆਂ 1 ਅਤੇ 2 ਆਇਤਾਂ ਤੋਂ ਸ਼ੁਰੂ ਕਰਦੇ ਹਾਂ: ''ਹੇ ਥਿਉਫ਼ਿਲੁਸ, ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਵਿਖੇ ਉਚਰੀ ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ। ਉਸ ਦਿਨ ਤੀਕਰ ਕਿ ਉਹ ਉਨ੍ਹਾਂ ਰਸੂਲਾਂ ਨੂੰ ਜਿਹੜੇ ਉਸ ਨੇ ਚੁਣੇ ਸਨ ਪਵਿੱਤਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ।''

ਇਹ ਵੇਖਣ ਲਈ ਕਿ ਉਸ ਵਿਚ ਹੋਰ ਗਹਿਰਾਈ ਨਾਲ ਸਾਨੂੰ ਕੀ ਮਿਲ ਸਕਦਾ ਹੈ, ਅਸੀਂ ਪਹਿਲੇ ਅਧਿਆਇ ਦੇ ਬਾਕੀ ਭਾਗ ਵੀ ਵੇਖਾਂਗੇ। ਇਸ ਦੇ ਇਲਾਵਾ ਅਸੀਂ ਆਪਣੀ ਜਾਣਕਾਰੀ ਦੇ ਸਰੋਤ ਦੇ ਰੂਪ ਵਿਚ ਲੂਕਾ 1: 1-4 ਦੀ ਵਰਤੋਂ ਵੀ ਕਰਾਂਗੇ:

> ਜਿਸ ਹਾਲ ਵਿਚ ਬਹੁਤਿਆਂ ਨੇ ਉਨ੍ਹਾਂ ਗੱਲਾਂ ਦਾ ਬਿਰਤਾਂਤ ਲਿਖਣ ਨੂੰ ਲੱਕ ਬੰਨ੍ਹਿਆ ਜੋ ਸਾਡੇ ਵਿਚ ਪੂਰੀਆਂ ਹੋਈਆਂ ਹਨ। ਜਿਵੇਂ ਉਨ੍ਹਾਂ ਨੇ ਸਾਨੂੰ ਸੌਂਪਿਆ ਜਿਹੜੇ ਮੁੱਢੋਂ ਆਪਣੀਂ ਅੱਖੀਂ ਵੇਖਣ ਵਾਲੇ ਅਤੇ ਵਚਨ ਦੇ ਸੇਵਕ ਸਾਂ। ਹੇ ਸਰਬ ਉਪਮਾ ਯੋਗ ਥਿਉਫ਼ਿਲੁਸ ਮੈਂ ਵੀ ਸਿਰੇ ਤੋਂ ਸਾਰੀ ਵਾਰਤਾ ਦੀ ਵੱਡੇ ਯਤਨ ਨਾਲ ਭਾਲ ਕਰ ਕੇ ਉੱਚਿਤ ਜਾਣਿਆ ਭਈ ਤੇਰੇ ਲਈ ਜਿਵੇਂ ਹੋਇਆ ਹੈ ਤਿਵੇਂ ਲਿਖਾਂ। ਤਾਂ ਜੋ ਤੂੰ ਉਨ੍ਹਾਂ ਗੱਲਾਂ ਦੀ ਹਕੀਕਤ ਨੂੰ ਜਾਣ ਲਵੇਂ ਜਿਨ੍ਹਾਂ ਦੀ ਤੈਂ ਸਿੱਖਿਆ ਪਾਈ।

ਧਿਆਨ ਵਿਚ ਰੱਖੋ ਕਿ ਮੂਲ ਵਿਚ ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਇੱਕੋ ਪੁਸਤਕ ਦੇ ਰੂਪ ਵਿਚ ਵੰਡੀ ਗਈ ਸੀ, ਇਸ ਲਈ ਲੂਕਾ 1:1-4 *ਦੋਹਾਂ* ਕਿਤਾਬਾਂ ਦੀ ਭੂਮਿਕਾ ਦਾ ਕੰਮ ਕਰਦੀ ਹੈ।

**ਲਿਖਣ ਵਾਲਾ**

''... ਪਹਿਲੀ ਪੋਥੀ ... ਉਚਰੀ'' (ਰਸੂਲਾਂ ਦੇ ਕੰਮ 1:1) ਲੂਕਾ ਦੀ ਕਿਤਾਬ ਵੱਲ ਇਸ਼ਾਰਾ ਕਰਦਾ ਹੈ। ਰਸੂਲਾਂ ਦੇ ਕੰਮ ਅਤੇ ਲੂਕਾ ਦੋਹਾਂ ਕਿਤਾਬਾਂ ਵਿਚ ਇੱਕੋ ਗੱਲ ਤੇ ਜ਼ੋਰ ਦਿੱਤਾ ਗਿਆ ਹੈ ਅਰਥਾਤ ਜਿੱਥੇ ਲੂਕਾ ਦੀ ਕਿਤਾਬ ਖ਼ਤਮ ਹੁੰਦੀ ਹੈ ਉੱਥੋਂ ਹੀ ਰਸੂਲਾਂ ਦੇ ਕੰਮ ਦੀ ਕਿਤਾਬ ਸ਼ੁਰੂ ਹੁੰਦੀ ਹੈ। ਦੋਹਾਂ ਦਾ ਪ੍ਰਾਪਤ ਕਰਤਾ ਇੱਕੋ ਹੈ, ਥਿਉਫ਼ਿਲੁਸ (ਲੂਕਾ 1:3; ਰਸੂਲਾਂ ਦੇ ਕੰਮ 1:1)। ਦੋਹਾਂ ਦੀ ਇੱਕੋ ਸ਼ੈਲੀ ਹੈ: ਘੱਟੋ ਘੱਟ ਪੰਜਾਹ ਅਜਿਹੇ ਸ਼ਬਦ ਜਿਨ੍ਹਾਂ ਦਾ ਜ਼ਿਕਰ ਨਵੇਂ ਨੇਮ ਵਿਚ ਬਿਲਕੁਲ ਨਹੀਂ ਹੈ, ਇਨ੍ਹਾਂ ਦੋਹਾਂ ਕਿਤਾਬਾਂ ਵਿਚ ਆਮ ਮਿਲਦੇ ਹਨ। ਦੋਹਾਂ ਦੇ ਪਾਠਕ ਗੈਰ ਕੌਮਾਂ ਯਾਨੀ ਗੈਰ ਯਹੂਦੀਆਂ ਵਿੱਚੋਂ ਹੀ ਹਨ (ਯਹੂਦੀ ਅਰਥਾਵਲੀ ਅਤੇ ਰੀਤਾਂ ਬਾਰੇ ਵਿਸਤਾਰ ਵਿਚ ਦੱਸਿਆ ਗਿਆ ਹੈ[4])। ਇਸ ਲਈ ਯਕੀਨਨ ਹੀ ਜਿਹਨੇ ਇਕ ਕਿਤਾਬ ਲਿਖੀ, ਓਸੇ ਨੇ ਦੂਜੀ ਵੀ ਲਿਖੀ ਹੋਵੇਗੀ।

ਬੇਸ਼ੱਕ, ਰਸੂਲਾਂ ਦੇ ਕੰਮ 1:1 ਵਾਲਾ ''ਮੈਂ'' ''ਪਿਆਰੇ ਵੈਦ ਲੂਕਾ'' ਵੱਲ ਹੀ ਇਸ਼ਾਰਾ ਕਰਦਾ ਹੈ (ਕੁਲੁੱਸੀਆਂ 4:14)। ਇਸ ਗੱਲ ਤੇ, ਬਾਹਰੀ ਅਤੇ ਅੰਦਰੂਨੀ ਸਬੂਤ ਇਕ ਮੱਤ ਹਨ। ਦੋਹਾਂ ਕਿਤਾਬਾਂ ਵਿਚ ਪਹਿਲੀ ਨਜ਼ਰੇ ਇਹ ਅਹਿਸਾਸ ਹੁੰਦਾ ਹੈ ਕਿ ਉਨ੍ਹਾਂ ਦਾ ਲਿਖਣ ਵਾਲਾ ਕੋਈ ਹੋਰ ਨਹੀਂ, ਲੂਕਾ ਹੀ ਹੈ। ਇਸ ਤੱਥ ਦੇ ਗਵਾਹਾਂ ਵਿਚ ਇਰੇਨਿਉਸ (ਲਗਭਗ 180 ਈਸਵੀ) ਲੂਕਾ ਦੀ ਕਿਤਾਬ ਦੀ ਅਖੌਤੀ ਮਾਰਸਿਅਨਵਾਦ-ਵਿਰੋਧੀ ਭੂਮਿਕਾ (ਲਗਭਗ 160-180 ਈਸਵੀ), ਮਿਊਰੇਟਰੀ ਦੇ ਸਿਧਾਂਤ ਨਾਲ (ਲਗਭਗ 170-190 ਈਸਵੀ), ਸਿਕੰਦਰੀਆ ਦੇ ਕਲੈਮੇਂਟ (150-217) ਅਤੇ ਟਰਟੂਲਿਅਨ (150-220) ਸ਼ਾਮਲ ਹਨ। ਇਤਿਹਾਸਕਾਰ ਯੂਸਬਿਉਸ ਨੇ 325 ਵਿਚ ਲਿਖਿਆ, ਤਾਂ ਕਿਸੇ ਨੇ ਇਹ ਇਤਰਾਜ਼ ਨਹੀਂ ਕੀਤਾ ਕਿ ਇਹ ਦੋਵੇਂ ਕਿਤਾਬਾਂ ਲੂਕਾ ਦੀਆਂ ਹੀ ਲਿਖੀਆਂ ਹੋਈਆਂ ਹਨ।

ਅੰਦਰੂਨੀ ਸਬੂਤ ਰਸੂਲਾਂ ਦੇ ਕੰਮ ਵਿਚ ''ਅਸੀਂ'' ਤੇ ਕੇਂਦਰਿਤ ਹਨ (16:10-17; 20:5-15; 21:1-18; 27:2-28:16)। ਇਨ੍ਹਾਂ ਬਿਰਤਾਂਤਾਂ ਦਾ ਅੰਨਯ ਪੁਰਖ ਤੋਂ ਉੱਤਮ ਪੁਰਖ ਵੱਲ ਜਾਣਾ ਇਸ ਗੱਲ ਦਾ ਸੰਕੇਤ ਕਿ ਲੇਖਕ ਵੀ ਪੌਲੁਸ ਦੇ ਨਾਲ ਸਫ਼ਰ ਕਰ ਰਿਹਾ ਸੀ। ਖਾਰਜ ਕਰਨ ਦੀ ਪ੍ਰਕ੍ਰਿਆ ਰਾਹੀਂ ਅਸੀਂ ਛੇਤੀ ਹੀ ਲੂਕਾ ਤਕ ਪਹੁੰਚ ਸਕਦੇ ਹਾਂ।[5] ਅੰਦਰੂਨੀ ਸਬੂਤਾਂ ਅਤੇ ਵਿਸ਼ੇਸ਼ਤਾਵਾਂ ਵੱਲ ਧਿਆਨ ਦਿੱਤਾ ਜਾ ਸਕਦਾ ਹੈ, ਜਿਵੇਂ ਕਿ ਡਾਕਟਰੀ ਵਿਚ ਵਰਤੇ ਜਾਣ ਵਾਲੇ ਸ਼ਬਦਾਂ ਦੀ ਵਰਤੋਂ ਖ਼ਾਸ ਕਰ ਲੂਕਾ ਦੀ ਕਿਤਾਬ[6] ਵਿਚ ਹੀ ਹੈ। ਇਨ੍ਹਾਂ ਸ਼ਬਦਾਂ ਦਾ ਹੋਣਾ ਇਸ ਵਿਚ ਸੰਖੇਪ ਸਬੂਤ ਤਾਂ ਨਹੀਂ, ਪਰ ਇਸ ਤੋਂ ਸਮਝ ਆ ਜਾਂਦਾ ਹੈ ਕਿ ਲੇਖਕ ਜ਼ਰੂਰ ਹੀ ਕੋਈ ਵੈਦ ਹੈ।

ਲੂਕਾ ਬਾਰੇ ਅਸੀਂ ਬਹੁਤ ਨਹੀਂ ਜਾਣਦੇ (ਉਹਨੇ ਆਪਣੇ ਬਾਰੇ ਦੱਸਣ ਲਈ ਨਹੀਂ ਲਿਖਿਆ) ਪਰ ਉਹਦੇ ਬਾਰੇ ਅਸੀਂ ਕਈ ਗੱਲਾਂ ਜਾਣ ਸਕਦੇ ਹਾਂ ਕਿ ਲੂਕਾ ਗੈਰ ਕੌਮਾਂ ਵਿੱਚੋਂ ਸੀ, ਸ਼ਾਇਦ ਉਹ ਯੂਨਾਨੀ ਸੀ।[7] ਰਵਾਇਤ ਮੁਤਾਬਕ ਉਹ ਸੀਰੀਆ ਦੇ ਅੰਤਾਕੀਆ ਦਾ ਵਸਨੀਕ ਸੀ।[8] ਉਹ ਮਸੀਹ ਨਾਲ ਤਾਂ ਨਹੀਂ ਰਿਹਾ (ਲੂਕਾ 1:2), ਪਰ ਪੌਲੁਸ ਨਾਲ ਕੰਮ ਕਰਨ ਵਾਲਾ ਅਤੇ ਉਹਦਾ ਹਮਸਫ਼ਰ ਸੀ (ਫਿਲੇਮੋਨ 24)। ਕੁਲੁੱਸੀਆਂ 4:14 ਵਿਚ ਉਹਦੇ ਲਈ ''ਪਿਆਰਾ'' ਸ਼ਬਦ ਦੀ

ਵਰਤੋਂ ਤੋਂ ਪਤਾ ਲਗਦਾ ਹੈ ਕਿ ਉਸ ਨੂੰ ਕਿੰਨਾ ਪਸੰਦ ਕੀਤਾ ਜਾਂਦਾ ਸੀ।

ਲੂਕਾ ਬਾਰੇ ਖ਼ਾਸ ਗੱਲ ਇਹ ਹੈ ਕਿ ਉਹ ਇਕ ਵੈਦ ਸੀ (ਕੁਲੁੱਸੀਆਂ 4:14)। ਪੌਲੁਸ ਦੀਆਂ ਆਮ ਡਾਕਟਰੀ ਲੋੜਾਂ (2 ਕੁਰਿੰਥੀਆਂ 12:7-10) ਅਤੇ ਉਹਦੇ ਸਰੀਰਕ ਕਸ਼ਟਾਂ (2 ਕੁਰਿੰਥੀਆਂ 11:23-27) ਨੂੰ ਵੇਖ ਕੇ ਅਸੀਂ ਜਾਣ ਸਕਦੇ ਹਾਂ ਕਿ ਪੌਲੁਸ ਲਈ ਸਫ਼ਰ ਵਿਚ ਇਕ ਅਜਿਹੇ ਸਾਥੀ ਦਾ ਹੋਣਾ ਕਿੰਨਾ ਫ਼ਾਇਦੇਮੰਦ ਰਿਹਾ ਹੋਵੇਗਾ।

ਲੂਕਾ ਇਕ ਵੈਦ ਤੋਂ ਕਿਤੇ ਵਧ ਕੇ ਸੀ। ਉਹ ਇਕ ਬਹਾਦਰ ਆਦਮੀ ਸੀ, ਜਿਸ ਨੇ ਉਨ੍ਹਾਂ ਤਮਾਮ ਮੁਸ਼ਕਲਾਂ ਸਹੀਆਂ ਜਿਹੜੀਆਂ ਪੌਲੁਸ ਉੱਤੇ ਆਈਆਂ ਸਨ। ਉਹ ਕਲੀਸੀਆ ਤਿਆਰ ਕਰਦਾ ਸੀ ਅਤੇ ਜ਼ਾਹਰ ਹੈ ਕਿ ਜਦ ਪੌਲੁਸ ਨੂੰ ਛੱਡ ਕੇ ਬਾਕੀ ਸਭ ਫ਼ਿਲਿੱਪੀ ਵਿਚ ਚਲੇ ਗਏ ਤਾਂ ਉਹ ਉੱਥੇ ਹੀ ਰਿਹਾ ਅਤੇ ਪੌਲੁਸ ਦਾ ਵਫ਼ਾਦਾਰ ਦੋਸਤ ਵੀ ਸੀ। ਜਦ ਪੌਲੁਸ ਨੂੰ ਬਾਕੀ ਸਭ ਲੋਕ ਛੱਡ ਗਏ ਸਨ ਤਾਂ ਉਹੀ ਉਹਦੇ ਨਾਲ ਰਿਹਾ ਸੀ (ਫਿਲੇਮੋਨ 24; 2 ਤਿਮੋਥਿਉਸ 4:11)।

ਲੂਕਾ ਬਾਰੇ *ਬਹੁਤਾ* ਅਹਿਮ ਤੱਥ ਇਹ ਹੈ ਕਿ ਉਸ ਨੂੰ ਪਵਿੱਤਰ ਆਤਮਾ ਦੀ *ਪ੍ਰੇਰਣਾ* ਸੀ। ਲੂਕਾ ਦੁਆਰਾ ਲਿਖੇ ਇੰਜੀਲ ਦੇ ਵਿਰਤਾਂਤ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਪੜ੍ਹਨ ਤੇ ਸਪੱਸ਼ਟ ਹੋ ਜਾਂਦਾ ਹੈ ਕਿ ਇਹ ''ਪਿਆਰਾ ਵੈਦ'' ਪੜ੍ਹਿਆ ਲਿਖਿਆ ਸੀ ਅਤੇ ਇਹਨੂੰ ਪਰਖ ਕਰਨ ਦੀ ਸਮਝ ਸੀ। ਪਰ ਸਾਨੂੰ ਇਹ ਕਦੇ ਵੀ ਨਹੀਂ ਸੋਚਣਾ ਚਾਹੀਦਾ ਕਿ ਇਹ ਦੋਵੇਂ ਕਿਤਾਬਾਂ ਉਹਦੀ ਸਮਝਦਾਰੀ ਦੇ ਕਾਰਣ ਹਨ। ਲੂਕਾ ਵੀ ''ਪਵਿੱਤਰ ਆਤਮਾ ਰਾਹੀਂ'' ਓਸੇ ਤਰ੍ਹਾਂ ਉਭਾਰਿਆ ਗਿਆ ਸੀ ਜਿਵੇਂ 2 ਪਤਰਸ 1:21 ਵਿਚ ਹੋਰਨਾਂ ਬਾਰੇ ਕਿਹਾ ਗਿਆ ਹੈ। ਹੋ ਸਕਦਾ ਹੈ ਕਿ ਲੂਕਾ ਨੂੰ ਇਹ ਪ੍ਰੇਰਣਾ ਪੌਲੁਸ ਰਾਹੀਂ ਉਸ ਤੇ ਹੱਥ ਰੱਖਣ ਨਾਲ ਹੀ ਮਿਲੀ ਹੋਵੇ। ਮਸੀਹੀ ਲੋਕਾਂ ਨੂੰ ਮੋਅਜਜ਼ੇ ਕਰਨ ਦੇ ਯੋਗ ਬਣਾਉਣ ਲਈ ਪੌਲੁਸ ਕਈਆਂ ਤੇ ਹੱਥ ਰੱਖਦਾ ਸੀ (ਤੁਲਨਾ ਕਰੋ ਰਸੂਲਾਂ ਦੇ ਕੰਮ 19:6)। ਪੌਲੁਸ ਨੇ ਆਪਣੇ ਨਾਲ ਸਫ਼ਰ ਕਰਨ ਵਾਲੇ ਸਾਥੀਆਂ ਤੇ ਵੀ ਹੱਥ ਰੱਖੇ (2 ਤਿਮੋਥਿਉਸ 1:6), ਇਸ ਲਈ ਅਸੀਂ ਇਹ ਸੋਚ ਵੀ ਨਹੀਂ ਸਕਦੇ ਕਿ ਉਹਨੇ ਲੂਕਾ ਤੇ ਹੱਥ ਨਾ ਰੱਖੇ ਹੋਣ। ਮੋਅਜਜ਼ਿਆਂ ਦੇ ਦਾਨਾਂ ਵਿੱਚੋਂ ਇਕ ''ਭਵਿੱਖਬਾਣੀ'' ਦਾ ਯਾਨੀ ਪ੍ਰਮੇਸ਼ਵਰ ਦੀ ਪ੍ਰੇਰਣਾ ਨਾਲ ਸਿੱਖਿਆ ਦੇਣ ਦਾ ਦਾਨ ਵੀ ਸੀ (ਤੁਲਨਾ ਕਰੋ 1 ਕੁਰਿੰਥੀਆਂ 12:10)[9] ਜ਼ਾਹਰ ਹੈ ਕਿ ਲੂਕਾ ਨੂੰ ਇਹ ਦਾਨ ਮਿਲਿਆ ਸੀ।

**ਸਰਪ੍ਰਸਤ**

ਲੂਕਾ ਅਤੇ ਰਸੂਲਾਂ ਦੇ ਕੰਮ (ਦੀ ਕਿਤਾਬ) ਦੋਵੇਂ ਹੀ ''ਥਿਉਫ਼ਲੁਸ'' ਦੇ ਨਾਂ ਹਨ।[10] ''ਥਿਉਫ਼ਿਲੁਸ'' ਮਿਸ਼ਰਤ ਯੂਨਾਨੀ ਸ਼ਬਦ *ਥਿਓਸ* (''ਖ਼ੁਦਾ'') ਅਤੇ *ਫਿਲੋਸ* ''ਦੋਸਤਾਨਾ ਪਿਆਰ'' (ਦੋਸਤਾਨਾ ਪਿਆਰ ਦਾ ਕ੍ਰਿਆ ਰੂਪ) ਜਾਂ ਫ਼ਿਲਿਆ (ਦੋਸਤਾਨਾ ਪਿਆਰ ਦਾ ਸੰਗਿਆ ਰੂਪ) ਹੈ। ਇਸ ਨਾਮ ਦਾ ਅਰਥ ''ਪ੍ਰਮੇਸ਼ਵਰ ਨਾਲ ਪਿਆਰ ਕਰਨ ਵਾਲਾ'' ਜਾਂ ''ਜਿਸ ਨਾਲ ਪ੍ਰਮੇਸ਼ਵਰ ਪਿਆਰ ਕਰਦਾ ਹੈ''[11] ਦੋਹਾਂ ਵਿੱਚੋਂ ਕੁਝ ਵੀ ਹੋ ਸਕਦਾ ਹੈ। ਇਸ ਲਈ ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ ਕਿ ਕਿਸ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ।

ਥਿਉਫ਼ਿਲੁਸ ਦੀ ਪਛਾਣ ਬਾਰੇ ਕਈ ਕਿਆਸ ਲਾਏ ਗਏ ਹਨ। ਕਈਆਂ ਦਾ ਇਹ ਵੀ ਕਹਿਣਾ ਹੈ ਕਿ ਇਹ ਕਿਸੇ ਵਿਅਕਤੀ ਦਾ ਅਸਲੀ ਨਾਂ ਨਹੀਂ ਹੈ, ਪਰ ਕੁਝ ਲੋਕ ਮੰਨਦੇ ਹਨ ਕਿ ਉਨ੍ਹਾਂ ਸਭ ਲੋਕਾਂ ਦੀ ਨੁਮਾਇੰਦਗੀ ਕਰਦਾ ਹੈ ਜਿਹੜੇ ਪ੍ਰਮੇਸ਼ਵਰ ਨਾਲ ਪਿਆਰ ਕਰਦੇ ਹਨ ਜਾਂ ਜਿਨ੍ਹਾਂ ਨਾਲ ਪ੍ਰਮੇਸ਼ਵਰ ਪਿਆਰ ਕਰਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਥਿਉਫ਼ਿਲੁਸ ਸ਼ਾਹੀ

ਮਹਿਲ ਵਿਚ ਰਹਿਣ ਵਾਲੀ ਪ੍ਰਸਿੱਧ ਰੋਮੀ ਸ਼ਖ਼ਸੀਅਤ ਦਾ ਉਪ ਨਾਂ ਸੀ ਜਿਹੜਾ ਨੀਰੋ ਦੇ ਸਾਹਮਣੇ ਪੌਲੁਸ ਦੀ ਵਕਾਲਤ ਕਰਦਾ ਸੀ। ਇਕ ਹੋਰ ਸੁਝਾਅ ਦਿੱਤਾ ਜਾਂਦਾ ਹੈ ਕਿ ਥਿਉਫ਼ਿਲੁਸ ਪਹਿਲਾਂ ਲੂਕਾ ਦਾ ਮਾਲਕ ਸੀ। (ਇਸ ਪੱਖੋਂ, ਲੂਕਾ ਨੇ ਆਪਣਾ ਜੀਵਨ ਇਕ ਦਾਸ ਦੇ ਰੂਪ ਵਿਚ ਸ਼ੁਰੂ ਕੀਤਾ। ਜਦ ਲੂਕਾ ਨੇ ਆਪਣੇ ਮਾਲਕ ਦੀ ਜਾਨਲੇਵਾ ਬੀਮਾਰੀ ਦਾ ਇਲਾਜ ਕੀਤਾ ਤਾਂ ਥਿਉਫਲੁਸ ਨੇ ਲੂਕਾ ਨੂੰ ਅਜ਼ਾਦ ਕਰ ਦਿੱਤਾ। ਇਸ ਲਈ ਲੂਕਾ ਨੇ ਉਸ ਪ੍ਰਤੀ ਸ਼ੁਕਰਗੁਜ਼ਾਰੀ ਜ਼ਾਹਰ ਕਰਦਿਆਂ ਇਹ ਕਿਤਾਬਾਂ ਓਸੇ ਨੂੰ ਸਮਰਪਤ ਕਰ ਦਿੱਤੀਆਂ।)

ਇਸ ਦੀ ਵਿਆਖਿਆ ਲਈ ਸਭ ਤੋਂ ਅਸਾਨ (ਅਤੇ ਸ਼ਾਇਦ ਵਧੀਆ) ਢੰਗ ਇਹੀ ਹੈ ਕਿ ਲੂਕਾ ਨੇ ਇਹ ਕਿਤਾਬਾਂ ਥਿਉਫਲੁਸ ਨਾਂ ਦੇ ਇਕ ਸੱਚਮੁੱਚ ਦੇ ਆਦਮੀ ਦੇ ਨਾਂ ਲਿਖੀਆਂ ਜਿਹੜਾ ਇਕ ਰੋਮੀ ਅਧਿਕਾਰੀ ਸੀ। ਉਸ ਸਮੇਂ ''ਥਿਉਫ਼ਿਲੁਸ'' ਆਮ ਨਾਂ ਹੁੰਦਾ ਸੀ। ਕਿਸੇ ਨੂੰ ਮਾਣ ਦੇਣ ਲਈ ''ਸਰਵ ਉਪਮਾ ਯੋਗ'' ਜਾਂ ਜਨਾਬ ਸ਼ਬਦ ਵਰਤਿਆ ਜਾ ਸਕਦਾ ਸੀ। ਪਰ ਅਜਿਹਾ ਜ਼ਿਆਦਾਤਰ ਕਿਸੇ ਰੋਮੀ ਅਧਿਕਾਰੀ ਨੂੰ ਸੰਬੋਧਿਤ ਕਰਨ ਲਈ ਹੀ ਕੀਤਾ ਜਾਂਦਾ ਸੀ (ਰਸੂਲਾਂ ਦੇ ਕੰਮ 23:26; 24:3; 26:25)। ਲੂਕਾ 1:1-4 ਵਿਚ ਸੰਕੇਤ ਦਿੰਦਾ ਹੈ ਕਿ ਥਿਉਫ਼ਿਲੁਸ ਇਕ ਮਸੀਹੀ (ਸ਼ਾਇਦ ਨਵਾਂ ਬਣਿਆ) ਸੀ ਅਤੇ ਲੂਕਾ ਨੇ ਇਰਾਦਾ ਕੀਤਾ ਕਿ ਮਸੀਹ ਦੇ ਜੀਵਨ ਅਤੇ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਬਾਰੇ ਉਸ ਨੂੰ ਦੱਸੇ ਤਾਂ ਜੋ ਥਿਉਫ਼ਿਲੁਸ ''ਉਨ੍ਹਾਂ ਗੱਲਾਂ ਦੀ ਹਕੀਕਤ ਜਾਣ ਲਵੇ ਜਿਨ੍ਹਾਂ ਦੀ [ਉਹਨੇ] ਸਿੱਖਿਆ ਪਾਈ'' ਸੀ।

ਅਜੇ ਵੀ ਅਸੀਂ ਉਲਝਣ ਵਿਚ ਹਾਂ ਕਿ ਲੂਕਾ ਨੇ ਇਨ੍ਹਾਂ ਕਿਤਾਬਾਂ ਵਿਚ ਇੰਜ ਸੰਬੋਧਨ *ਕਿਉਂ* ਕੀਤਾ।[12] ਅਸੀਂ ਕੁਝ ਕਿਆਸ ਲਗਾ ਸਕਦੇ ਹਾਂ। ਹੋ ਸਕਦਾ ਹੈ ਕਿ ਥਿਉਫ਼ਿਲੁਸ ਨੇ ਲੂਕਾ ਕੋਲੋਂ ਕੁਝ ਪੇਚੀਦਾ ਸਵਾਲ ਪੁੱਛੇ ਹੋਣ ਅਤੇ ਲੂਕਾ ਨੇ ਇਸ ਨੂੰ ਮੌਕਾ ਜਾਣ ਕੇ ਆਪਣੇ ਢੰਗ ਨਾਲ ਉਹਨੂੰ ਸਮਝਾਉਣਾ ਚਾਹਿਆ ਹੋਵੇ। ਸ਼ਾਇਦ ਥਿਉਫ਼ਿਲੁਸ, ਲੂਕਾ ਦਾ ਸਮਰਥਕ ਅਤੇ ਸਰਪ੍ਰਸਤ ਸੀ ਜੋ ਉਹਦੇ ਲੇਖਾਂ ਨੂੰ ਤਿਆਰ ਕਰਕੇ, ਉਨ੍ਹਾਂ ਦੇ ਉਤਾਰੇ ਬਣਾਉਣ ਅਤੇ ਉਹਨੂੰ ਨੂੰ ਅੱਗੇ ਵੰਡਣ ਦਾ ਖ਼ਰਚ ਚੁੱਕਦਾ ਸੀ। (ਕਿਉਂਕਿ ਕਿਤਾਬਾਂ ਦੇ ਉਤਾਰੇ ਬਣਾਉਣ ਲਈ ਉਨ੍ਹਾਂ ਨੂੰ ਹੱਥ ਨਾਲ ਹੀ ਲਿਖਣਾ ਪੈਂਦਾ ਸੀ, ਅਤੇ ਇਸ ਵਿਚ ਕਾਫ਼ੀ ਸਮਾਂ ਲਗਦਾ ਸੀ ਜੋ ਇਕ ਮਹਿੰਗਾ ਕੰਮ ਸੀ।) ਸ਼ਾਇਦ ਲੂਕਾ ਮਸੀਹੀਅਤ ਦੇ ਖਿਲਾਫ਼ ਉਸ ਝੂਠੀ ਨਿੰਦਿਆ ਨੂੰ ਰੋਕਣਾ ਚਾਹੁੰਦਾ ਸੀ ਜਿਹੜੀ ਰੋਮੀ ਸਮਾਜ ਵੱਲੋਂ ਫੈਲਾਈ ਜਾ ਰਹੀ ਸੀ। ਲੂਕਾ ਨੂੰ ਉਮੀਦ ਸੀ ਕਿ ਇਸ ਨਾਲ ਥਿਉਫ਼ਿਲੁਸ ਦੀ ਅਤੇ ਉਸ ਦੇ ਰਾਹੀਂ ਰੋਮੀ ਸਮਾਜ ਵਿਚ ਖ਼ਾਸ ਵਰਗ ਦੇ ਲੋਕਾਂ ਲਈ ਮਦਦ ਹੋਵੇਗੀ। ਹੋ ਸਕਦਾ ਹੈ ਕਿ ਲੂਕਾ ਨੇ ਕਈ ਕਾਰਣਾਂ ਕਰਕੇ ਇਨ੍ਹਾਂ ਕਿਤਾਬਾਂ ਵਿਚ ਸੰਬੋਧਿਤ ਕੀਤਾ ਹੋਵੇ ਜਿਹੜੇ ਅਸੀਂ ਦਿੱਤੇ ਹਨ ਅਤੇ/ਜਾਂ ਕੋਈ ਹੋਰ ਅਜਿਹਾ ਕਾਰਣ ਹੋ ਸਕਦਾ ਹੈ ਜਿਸ ਦੀ ਅਸੀਂ ਖੋਜ ਨਹੀਂ ਕੀਤੀ।

ਕਿਤਾਬ ਦੇ ਪ੍ਰਾਪਤ ਕਰਤਾ ਦੇ ਇਸ ਵਿਸ਼ੇ ਨੂੰ ਬੰਦ ਕਰਨ ਤੋਂ ਪਹਿਲਾਂ ਇਸ ਗੱਲ ਤੇ ਜ਼ੋਰ ਦੇਣਾ ਜ਼ਰੂਰੀ ਹੈ ਕਿ ਥਿਉਫ਼ਿਲੁਸ ਦੇ ਨਾਮ ਦੇ ਜ਼ਿਕਰ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਕਿਤਾਬ ਸਿਰਫ਼ ਓਸੇ ਲਈ ਹੀ ਸੀ। ਕੁਝ ਪੱਤਰੀਆਂ ਕਈ ਨਿੱਜੀ ਲੋਕਾਂ ਦੇ ਨਾਮ ਲਿਖੀਆਂ ਗਈਆਂ ਉਹ ਸੰਭਾਲ ਕੇ ਰੱਖੀਆਂ ਗਈਆਂ ਕਿਉਂਕਿ ਉਨ੍ਹਾਂ ਸਭਨਾਂ ਵਿਚ ਸਾਡੇ ਸਭ ਲਈ ਸਿੱਖਿਆਵਾਂ ਹਨ। ਜੇ ਤੁਸੀਂ ਖ਼ੁਦਾ ਨਾਲ ਪਿਆਰ ਕਰਦੇ ਹੋ ਅਤੇ ਖ਼ੁਦਾ ਤੁਹਾਨੂੰ ਪਿਆਰ ਕਰਦਾ ਹੈ ਤਾਂ ਰਸੂਲਾਂ ਦੇ ਕੰਮ ਦੀ ਕਿਤਾਬ ਖ਼ਾਸ ਤੌਰ ਤੇ ਤੁਹਾਡੇ ਲਈ ਹੀ ਹੈ!

**ਮਕਸਦ**

ਥਿਉਫ਼ਿਲੁਸ ਦੀ ਗੱਲ ਕਰਦਿਆਂ ਅਸੀਂ ''ਕਿਉਂ?'' ਦੇ ਸਵਾਲ ਦੀ ਗੱਲ ਕੀਤੀ ਸੀ। ਆਓ ਓਸੇ ਸਵਾਲ ਨੂੰ ਇਸ ਤਰ੍ਹਾਂ ਕਹਿੰਦੇ ਹਾਂ: ਇਸ ਕਿਤਾਬ ਨੂੰ ਲਿਖਣ ਦਾ ਲੂਕਾ ਦਾ *ਮਕਸਦ* ਕੀ ਸੀ?

ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਦੂਜੀਆਂ ਕਿਤਾਬਾਂ ਵਾਂਗ ਇਸ ਕਿਤਾਬ ਦਾ ਮਕਸਦ ਸਪਸ਼ਟ ਕਰਨ ਵਾਲਾ ਕੋਈ ਵਾਕ ਨਹੀਂ ਹੈ।[13] ਲੂਕਾ 1:1-4 ਵਿਚ ਸਿਰਫ਼ ਲੂਕਾ ਦੀ ਹੀ ਨਹੀਂ ਸਗੋਂ ਰਸੂਲਾਂ ਦੇ ਕੰਮ ਦੀ ਕਿਤਾਬ ਦੀ ਭੂਮਿਕਾ ਵੀ ਮਿਲ ਜਾਂਦੀ ਹੈ, ਇਸ ਲਈ ਇਹ ਗੱਲ ਸਹੀ ਨਹੀਂ ਹੈ। ਲੂਕਾ 1 ਦੇ ਪਹਿਲੇ ਭਾਗ ਵਿਚ ਅਤੇ ਰਸੂਲਾਂ ਦੇ ਕੰਮ ਦੇ ਪਹਿਲੇ ਅਧਿਆਇ ਤੇ ਧਿਆਨ ਲਗਾ ਕੇ ਪਤਾ ਲਗ ਸਕਦਾ ਹੈ ਕਿ ਲੂਕਾ ਦੇ *ਮਕਸਦ* ਕੀ ਸਨ:

ਲੂਕਾ ਦਾ ਮਕਸਦ *ਇਤਿਹਾਸਕ* ਸੀ। ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਇਤਿਹਾਸ ਦਾ ਵਰਣਨ ਹੀ ਨਹੀਂ ਹੈ ਸਗੋਂ ਇਨ੍ਹਾਂ ਵਿਚ ਇਤਿਹਾਸਕਤਾ 'ਤੇ ਜ਼ਿਆਦਾ ਹੀ ਜ਼ੋਰ ਦਿੱਤਾ ਗਿਆ ਹੈ, ਕਿਉਂਕਿ ਇਨ੍ਹਾਂ ਕਿਤਾਬਾਂ ਵਿਚ ਮਸੀਹ ਦੇ ਜੀਵਨ ਅਤੇ ਮੁੱਢਲੀ ਕਲੀਸੀਆ ਦੇ ਇਤਿਹਾਸ ਬਾਰੇ ਜਾਣਕਾਰੀ ਹੈ।

ਇਕ ਇਤਿਹਾਸਕਾਰ ਦੇ ਰੂਪ ਵਿਚ ਲੂਕਾ ਬਾਰੇ ਬਹੁਤ ਸਾਰੀਆਂ ਗੱਲਾਂ ਧਿਆਨ ਦੇਣ ਯੋਗ ਹਨ: ਉਹ ਇਕ *ਚੌਕਸ* ਇਤਿਹਾਸਕਾਰ ਸੀ। ਲੂਕਾ ਨੇ ''ਸਿਰੇ ਤੋਂ ਸਾਰੀ ਵਾਰਤਾ ਨੂੰ ਵੱਡੇ ਜਤਨ ਨਾਲ ਭਾਲ ਕਰ ਕੇ'' (ਲੂਕਾ 1:3) ਲਿਖਿਆ। ਉਸ ਨੇ ਇਕ ਇਕ ਕਰਕੇ ਵਿਸਤਾਰ ਨਾਲ ਵਰਣਨ ਕੀਤਾ ਜਿਸ ਵਿਚ ਇਕ ਸੌ ਲੋਕਾਂ ਦੇ ਨਾਂ, ਇਕ ਸੌ ਥਾਂਵਾਂ ਦੇ ਨਾਂ, ਰੋਮੀ ਸਿਆਸਤ, ਕਾਨੂੰਨ, ਸਥਾਨ, ਅਤੇ ਰੀਤ ਰਿਵਾਜ਼ਾਂ ਦਾ ਜ਼ਿਕਰ ਹੈ। ਉਹ ਇਕ ਤਜਰਬੇਕਾਰ ਇਤਿਹਾਸਕਾਰ ਸੀ। ਪਹਿਲਾਂ ਰਸੂਲਾਂ ਦੇ ਕੰਮ ਦੀ ਕਿਤਾਬ ਦੀਆਂ ਗੱਲਾਂ ਅਤੇ ਉਨ੍ਹਾਂ ਦੀ ਯਥਾਰਥਤਾ ਉੱਤੇ ਸ਼ੱਕ ਕੀਤਾ ਜਾਂਦਾ ਹੈ, ਪਰ ਸਮੇਂ ਦੇ ਨਾਲ ਨਾਲ ਪੁਰਾਤੱਤਵ ਵਿਗਿਆਨ ਨੇ ਲੂਕਾ ਨੂੰ ਸਹੀ ਸਿੱਧ ਕਰ ਦਿੱਤਾ ਹੈ।[14]

ਲੂਕਾ ਇਕ ਇਤਿਹਾਸਕਾਰ ਸੀ ਜਿਸ ਨੂੰ ਪ੍ਰਮੇਸ਼ਵਰ ਦੀ *ਪ੍ਰੇਰਣਾ* ਸੀ। ਉਹਨੇ ਕਈ ਸੋਮਿਆਂ ਤੋਂ ਜਾਣਕਾਰੀ ਲਈ: ਰਸੂਲਾਂ ਦੇ ਕੰਮ ਦੀ ਕਿਤਾਬ ਦੇ ਪਹਿਲੇ ਭਾਗ ਲਈ ਜਦ ਉਹ ਪੌਲੁਸ ਨਾਲ ਯਰੂਸ਼ਲਮ ਗਿਆ (ਰਸੂਲਾਂ ਦੇ ਕੰਮ 21:17), ਤਾਂ ਉਸ ਨੂੰ ਬਹੁਤ ਸਾਰੇ ਲੋਕਾਂ ਨਾਲ ਗੱਲ ਕਰਨ ਦਾ ਮੌਕਾ ਮਿਲ ਗਿਆ ਹੋਵੇਗਾ, ਜੋ ਸ਼ੁਰੂਆਤੀ ਘਟਨਾਵਾਂ ਦੇ ਗਵਾਹ ਸਨ। ਰਸੂਲਾਂ ਦੇ ਕੰਮ ਦੀ ਕਿਤਾਬ ਦੇ ਪਿਛਲੇ ਭਾਗ ਵਿਚ ਉਹਨੇ ਆਪਣੇ ਅਨੁਭਵ ਵਿੱਚੋਂ ਅਤੇ ਕੁਝ ਪੌਲੁਸ ਨਾਲ ਵਾਪਰੀਆਂ ਘਟਨਾਵਾਂ ਦਾ ਜ਼ਿਕਰ ਕੀਤਾ।[15] ਪਰ ਕੁਝ ਅਜਿਹੀਆਂ ਘਟਨਾਵਾਂ ਜਿਹੜੀਆਂ ਉਹਨੇ ਲਿਖੀਆਂ (ਜਿਵੇਂ ਰਾਜਾ ਅਗ੍ਰਿੱਪਾ ਅਤੇ ਫ਼ੇਸਤੁਸ ਨਾਲ ਉਹਦੀ ਗੱਲਬਾਤ; ਰਸੂਲਾਂ ਦੇ ਕੰਮ 25:13-22; 26:30-33), ਉਨ੍ਹਾਂ ਨੂੰ ਲੂਕਾ ਇਲਾਹੀ ਪ੍ਰਕਾਸ਼ ਦੇ ਬਗੈਰ ਨਹੀਂ ਜਾਣ ਸਕਦਾ ਸੀ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਇਸ ਵਿਚ ਕੋਈ ਸ਼ੱਕ ਨਹੀਂ ਕਿ ਉਸ ਨੂੰ ਮੋਅਜਜ਼ੇ ਕਰਨ ਦੀ ਸ਼ਕਤੀ ਦੇਣ ਲਈ ਪੌਲੁਸ ਨੇ ਹੀ ਉਸ ਤੇ ਹੱਥ ਰੱਖੇ। *ਲੂਕਾ ਦੀ ''ਜਾਣਕਾਰੀ ਦਾ ਸਭ ਤੋਂ ਅਹਿਮ ਵਸੀਲਾ'' ਪ੍ਰਮੇਸ਼ਵਰ ਦਾ ਪਵਿੱਤਰ ਆਤਮਾ ਸੀ!*[16] ਬੇਸ਼ੱਕ ਲੂਕਾ ਦੀ ਖੋਜ ਦੇ ਮਹੱਤਵ ਨੂੰ ਘੱਟ ਨਹੀਂ ਜਾਣਨਾ ਚਾਹੀਦਾ, ਪਰ ਇਹ ਲੂਕਾ ਦੀ ਆਪਣੀ ਕੋਸ਼ਿਸ਼ ਨਹੀਂ ਸਗੋਂ ਪ੍ਰਮੇਸ਼ਵਰ ਦੀ ਅਗਵਾਈ ਦੇ ਕਾਰਣ ਸੀ ਜਿਹਨੇ ਲੂਕਾ ਦੀਆਂ ਕਿਤਾਬਾਂ ਦੀ ਸੱਚਾਈ ਨੂੰ ਪ੍ਰਮਾਣਿਤ ਕੀਤਾ।

ਲੂਕਾ ਦੀ ਇਤਿਹਾਸਕਾਰ ਹੋਣ ਦੀ ਇਕ ਹੋਰ ਵਿਸ਼ੇਸ਼ਤਾ ਤੇ ਧਿਆਨ ਦਿੱਤਾ ਜਾਣਾ ਜ਼ਰੂਰੀ

ਹੈ ਕਿ ਉਹ *ਛਾਂਟਣ ਵਾਲਾ* ਇਤਿਹਾਸਕਾਰ ਹੈ। ਹਰ ਇਤਿਹਾਸਕਾਰ ਲਈ, ਛਾਂਟਣ ਵਾਲਾ ਹੋਣਾ ਜ਼ਰੂਰੀ ਹੈ। ਰਸੂਲਾਂ ਦੇ ਕੰਮ 1:8 ਵਿਚ ਲੂਕਾ ਦੀ ਵਿਆਖਿਆ ਕਰਨ ਦੀ ਸ਼ੈਲੀ ਦਾ ਖੁਲਾਸਾ ਮਿਲਦਾ ਹੈ: ਯਿਸੂ ਨੇ ਆਪਣੇ ਚੇਲਿਆਂ ਨੂੰ ਕਿਹਾ, ''... ਤੁਸੀਂ ... ਯਰੂਸ਼ਲਮ ਅਰ ਸਾਰੇ ਯਹੂਦੀਆ ਅਤੇ ਸਾਮਰੀਆ ਵਿਚ ਸਗੋਂ ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ ਹੋਵੋਗੇ।'' ਲੂਕਾ ਨੇ ਉਹ ਸਭ ਕੁਝ ਨਹੀਂ ਲਿਖਿਆ ਜਿਹੜਾ ਕਲੀਸੀਆ ਦੇ ਸ਼ੁਰੂਆਤੀ ਦਿਨਾਂ ਵਿਚ ਹੋਇਆ। ਸਗੋਂ ਉਹਨੇ ਆਪਣਾ ਧਿਆਨ ਉਨ੍ਹਾਂ ਘਟਨਾਵਾਂ ਨੂੰ ਦੱਸਣ ਵਿਚ ਹੀ ਲਾਇਆ ਜਿਨ੍ਹਾਂ ਤੋਂ ਪਤਾ ਲੱਗੇ ਕਿ ਇੰਜੀਲ ਕਿਵੇਂ ਰੋਮੀ ਸਾਮਰਾਜ ਦੀਆਂ ਗੁੰਮਨਾਮ ਗਲੀਆਂ ਵਿੱਚੋਂ ਨਿੱਕਲ ਕੇ ਤੀਹ ਸਾਲਾਂ ਵਿਚ ਹੀ ਉਸ ਪੂਰੇ ਸਾਮਰਾਜ ਵਿਚ ਫੈਲ ਗਈ! (ਇਸ ਨਾਲ ਕਿਤਾਬ ਨਾਲ ਜੁੜੇ ਸਵਾਲਾਂ ਦੀ ਗੁੱਥੀ ਸੁਲਝਾਉਣ ਵਿਚ ਮਦਦ ਮਿਲਦੀ ਹੈ ਕਿ ਕਿਤਾਬ ਦੇ ਅਖ਼ੀਰ ਬਾਰੇ ਕੀ ਨਿਚੋੜ ਕੱਢਿਆ ਜਾਵੇ? ਜੇ ਲੂਕਾ ਦਾ ਮਕਸਦ ਇਹ ਦੱਸਣਾ ਸੀ ਕਿ ਰੋਮ ਵਿਚ ਇੰਜੀਲ ਕਿਵੇਂ ਪਹੁੰਚੀ ਤਾਂ ਇਹ ਕਿਤਾਬ ਸਮਰੱਥਾ ਨਾਲ ਭਰੀ ਹੋਈ ਹੈ, ਕਿਉਂਕਿ ਇਹ ਇੰਜੀਲ ਦੇ ਰੋਮ ਤਕ ਪਹੁੰਚਣ ਦੇ ਬਾਅਦ ਹੀ ਖ਼ਤਮ ਹੁੰਦੀ ਹੈ।)

*ਲੂਕਾ ਦਾ ਮਕਸਦ ਮਸੀਹੀ ਧਰਮ ਸ਼ਾਸਤਰੀ ਸੀ*। ਰਸੂਲਾਂ ਦੇ ਕੰਮ 1:1 ਵਿਚ ਉਹਨੇ ਪਹਿਲੀ ਕਿਤਾਬ ਦੀ ਗੱਲ ਕੀਤੀ। ''ਮੈਂ ਉਹ ਪਹਿਲੀ ਪੋਥੀ ਉਨ੍ਹਾਂ ਸਾਰੀਆਂ ਗੱਲਾਂ ਦੇ ਬਾਰੇ ਉਚਰੀ ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ।'' ''ਲੱਗਾ'' ਸ਼ਬਦ ਸ਼ਾਇਦ ਸਹਾਇਕ ਕਿਰਿਆ ਹੋ ਸਕਦਾ ਹੈ,[17] ਪਰ ਬਹੁਤੇ ਟੀਕਾਕਾਰ ਮੰਨਦੇ ਹਨ (ਅਤੇ ਮੈਂ ਉਨ੍ਹਾਂ ਨਾਲ ਸਹਿਮਤ ਹਾਂ) ਕਿ ਦੂਜੀ ਪੁਸਤਕ ਤੋਂ ਭਾਵ ''ਉਨ੍ਹਾਂ ਸਾਰੀਆਂ ਗੱਲਾਂ'' ਤੋਂ ਹੈ ''ਜਿਹੜੀਆਂ ਯਿਸੂ ਕਰਨ ਅਤੇ ਸਿਖਾਉਣ ਲੱਗਾ।''

ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਬਹੁਤ ਸਾਰੇ ਉਪਦੇਸ਼ਾਂ ਤੇ ਨਜ਼ਰ ਮਾਰਨ ਨਾਲ ਇਹ ਗੱਲ ਮੰਨਣੀ ਪਵੇਗੀ ਕਿ ਇਸ ਕਿਤਾਬ ਵਿਚ ਜ਼ਿਆਦਾ (ਸ਼ਾਇਦ ਸਭ ਤੋਂ ਵੱਧ) ਜ਼ੋਰ ਯਿਸੂ ਨੂੰ ਵਡਿਆਈ ਦੇਣ ਤੇ ਹੀ ਦਿੱਤਾ ਗਿਆ ਹੈ। ਬੇਸ਼ੱਕ ਲੂਕਾ ਲਈ ਯਿਸੂ ਕਿਸੇ ਉਪਦੇਸ਼ ਦਾ ਵਿਸ਼ਾ ਨਹੀਂ ਸੀ ਸਗੋਂ ਉਹਦੇ ਲਈ ਤਾਂ ਉਹਦੀ ਮੌਜੂਦਗੀ ਸੀ,[18] ਯਿਸੂ ਨੇ ਆਪਣੇ ਚੇਲਿਆਂ ਨਾਲ ਵਾਅਦਾ ਕੀਤਾ ਸੀ ਕਿ ਇੰਜੀਲ ਨੂੰ ਦੁਨੀਆਂ ਵਿਚ ਪਹੁੰਚਾਉਣ ਲਈ ਉਨ੍ਹਾਂ ਦੇ ਨਾਲ ਰਹੇਗਾ (ਮੱਤੀ 28:18-20)। ਲੂਕਾ ਇਹੀ ਚਾਹੁੰਦਾ ਸੀ ਕਿ ਉਹਦੇ ਪਾਠਕ ਜਾਣ ਲੈਣ ਕਿ ਯਿਸੂ ਪਵਿੱਤਰ ਆਤਮਾ ਨੂੰ ਭੇਜ ਕੇ ਅਤੇ ਆਪਣੇ ਲੋਕਾਂ ਦੇ ਰਾਹੀਂ ਕੰਮ *ਕਰਦਾ ਰਿਹਾ*।

ਜਿਵੇਂ ਪਹਿਲਾਂ ਧਿਆਨ ਦਵਾਇਆ ਗਿਆ ਸੀ। ਰਸੂਲਾਂ ਦੇ ਕੰਮ ਦੀ ਕਿਤਾਬ ਅਸਲ 'ਚ ''ਰਸੂਲਾਂ ਦੇ ਕੰਮ'' ਨਹੀਂ ਹੈ। ਇਹ ''ਪਤਰਸ ਅਤੇ ਪੌਲੁਸ ਦੇ ਕੰਮ''[19] ਦੀ ਕਿਤਾਬ ਵੀ ਨਹੀਂ ਹੈ। ਯਕੀਨਨ ਹੀ ਇਹ ਪਵਿੱਤਰ ਆਤਮਾ ਦੇ ਕੰਮ ਦੀ ਵੀ ਕਿਤਾਬ ਨਹੀਂ ਹੈ। ਇਹ ਤਾਂ ''*ਯਿਸੂ* ਦੇ ਕੰਮ'' ਦੀ ਕਿਤਾਬ ਹੈ ਕਿਉਂਕਿ ਉਹਦਾ ਆਤਮਾ ਲੋਕਾਂ ਦੀਆਂ ਜ਼ਿੰਦਗੀਆਂ ਵਿਚ ਕੰਮ ਕਰਦਾ ਹੈ।

ਇੰਜੀਲ ਦੇ ਬਿਰਤਾਂਤਾਂ ਵਿਚ ''ਸ਼ੁਰੂ'' ਕਰਕੇ ਰਸੂਲਾਂ ਦੇ ਕੰਮ ਵਿਚ ਜੋ ਕੁਝ ਯਿਸੂ ''ਕਰਨ ਲੱਗਾ'' ਦੀ ਸੂਚੀ ਬਣਾਉਣਾ ਸੱਚਮੁੱਚ ਹੀ ਦਿਲਚਸਪ ਹੋਵੇਗਾ। ਜੇ ਤੁਸੀਂ ਸ਼ੁਰੂ ਕਰਨਾ ਚਾਹੁੰਦੇ ਹੋ ਤਾਂ ਤੁਹਾਡੇ ਲਈ ਇਹ ਸੂਚੀ ਇਸ ਤਰ੍ਹਾਂ ਹੈ। ਯਿਸੂ ਨੇ ਪਵਿੱਤਰ ਆਤਮਾ ਭੇਜਣ ਦਾ ਵਾਅਦਾ ਕੀਤਾ (ਯੂਹੰਨਾ 16:7, 12, 13); ਕਲੀਸੀਆ ਨੂੰ ਬਣਾਉਣ ਦਾ ਉਹਦਾ ਵਾਅਦਾ (ਤੁਲਨਾ ਕਰੋ ਮੱਤੀ 16:18) ਪਤਰਸ ਕੋਲੋਂ ਕਲੀਸੀਆ ਦੇ ਦਰਵਾਜ਼ੇ ਖੁਲਵਾਉਣ ਦਾ ਵਾਅਦਾ (ਮੱਤੀ 16:18,

19); ਚੇਲਿਆਂ ਨੂੰ ਉਹਦਾ ਹੁਕਮ (ਮੱਤੀ 28:18-20; ਮਰਕੁਸ 16:15, 16); ਚੇਲਿਆਂ ਨੂੰ ਮੋਅਜਜ਼ੇ ਕਰਨ ਦੀ ਯੋਗਤਾ ਦੇਣ ਦਾ ਵਾਅਦਾ (ਮਰਕੁਸ 16:17, 18);[20] ਆਉਣ ਵਾਲੇ ਵਿਰੋਧ ਬਾਰੇ ਉਹਦੀਆਂ ਗੱਲਾਂ (ਯੂਹੰਨਾ 15:18-25) ਅਤੇ ਅਖ਼ੀਰ ਵਿਚ ਫ਼ਤਹਿ ਦਾ ਉਹਦਾ ਵਾਅਦਾ (ਯੂਹੰਨਾ 14:1-3): ਰਸੂਲਾਂ ਦੇ ਕੰਮ ਦੀ ਪੁਸਤਕ ''ਕਹਾਣੀ ਦਾ ਬਾਕੀ ਹਿੱਸਾ'' ਹੈ ਯਾਨੀ ਇਸ ਵਿਚ ਅਧੂਰਾ ਰਹਿ ਗਿਆ ਕੰਮ ਪੂਰਾ ਹੁੰਦਾ ਹੈ।

(ਇਹ ਸਮਝ ਆਉਣ ਤੇ ਕਿ ਰਸੂਲਾਂ ਦੇ ਕੰਮ ਦੀ ਕਿਤਾਬ ਯਿਸੂ ਤੇ ਹੀ ਕੇਂਦਰਿਤ ਹੈ ਸਾਨੂੰ ਇਹ ਉਲਝਣ ਨਹੀਂ ਰਹਿੰਦੀ ਕਿ ਲੂਕਾ ਨੇ ਇਸ ਨੂੰ ਇਵੇਂ ਖ਼ਤਮ ਕਿਉਂ ਕੀਤਾ। ਲੂਕਾ ਦਾ ਮਕਸਦ ਪੌਲੁਸ ਦੇ ਜੀਵਨ ਚਰਿੱਤਰ ਨੂੰ ਵਿਖਾਉਣਾ ਹੁੰਦਾ ਤਾਂ ਸਾਨੂੰ ਕਿਤਾਬ ਦੇ ਅੰਤ ਵਿਚ ਕੁਝ ਵੀ ਹੱਲ ਨਹੀਂ ਮਿਲਣਾ ਸੀ। ਜੇ ਲੂਕਾ ਦਾ ਮਕਸਦ *ਯਿਸੂ* ਬਾਰੇ ਦੱਸਣਾ ਹੁੰਦਾ ਤਾਂ ਇਸ ਗੱਲ ਦੀ ਅਹਿਮੀਅਤ ਘੱਟ ਜਾਂਦੀ ਕਿ ਦੋ ਸਾਲ ਬਾਅਦ ਪੌਲੁਸ ਨਾਲ ਕੀ ਹੋਇਆ।)

*ਲੂਕਾ ਦਾ ਮਕਸਦ ਇਕ ਮਿਸ਼ਨ ਨੂੰ ਪੂਰਾ ਕਰਨਾ ਸੀ।*[21] ਰਸੂਲਾਂ ਦੇ ਕੰਮ 1:2 ਵਿਚ ਲਿਖਿਆ ਹੈ ਕਿ ਯਿਸੂ ''ਉਨ੍ਹਾਂ ਰਸੂਲਾਂ ਨੂੰ ਜਿਹੜੇ ਉਸ ਨੇ ਚੁਣੇ ਸਨ ਪਵਿੱਤਰ ਆਤਮਾ ਦੇ ਰਾਹੀਂ ਹੁਕਮ ਦੇ ਕੇ ਉਤਾਹਾਂ ਉਠਾ ਲਿਆ ਗਿਆ।'' ''ਹੁਕਮ'' ਸ਼ਬਦ ਯਿਸੂ ਦੇ ਕਿਸੇ ਵੀ ਹੁਕਮ ਲਈ ਵਰਤਿਆ ਜਾ ਸਕਦਾ ਹੈ। ਪਰ ਇਸ ਸੰਦਰਭ ਵਿਚ, ਰਸੂਲਾਂ ਲਈ ''ਅੱਗੇ ਕਦਮ ਵਧਾਉਣ ਦਾ ਹੁਕਮ'' ਹੈ ਜਿਸ ਨੂੰ ਗ੍ਰੇਟ ਕਮਿਸ਼ਨ ਜਾਂ ਸਭ ਤੋਂ ਵੱਡਾ ਹੁਕਮ ਵੀ ਕਿਹਾ ਜਾ ਸਕਦਾ ਹੈ। ਲੂਕਾ ਰਾਹੀਂ ਗ੍ਰੇਟ ਕਮਿਸ਼ਨ ਦਾ ਵਿਰਤਾਂਤ ਯਿਸੂ ਦੇ ਉੱਪਰ ਉਠਾਏ ਜਾਣ ਦੇ ਵਰਣਨ ਤੋਂ ਥੋੜ੍ਹਾ ਪਹਿਲਾਂ (ਲੂਕਾ 24:44-49) ਲੂਕਾ 24 ਵਿਚ ਮਿਲਦਾ ਹੈ। ਇਹ ਗੱਲ ਰਸੂਲਾਂ ਦੇ ਕੰਮ 1:8 ਨਾਲ ਮੇਲ ਖਾਂਦੀ ਹੈ, ਜਦ ਯਿਸੂ ਨੇ ਆਪਣੇ ਰਸੂਲਾਂ ਨੂੰ ਹੁਕਮ ਦਿੱਤਾ ਸੀ ਕਿ ਉਹ ''ਯਰੂਸ਼ਲਮ ਅਰ ਸਾਰੇ ਯਹੂਦੀਆ ਅਤੇ ਸਾਮਰੀਆ ਵਿਚ ਸਗੋਂ ਧਰਤੀ ਦੇ ਬੰਨੇ ਤੀਕਰ ਮੇਰੇ ਗਵਾਹ'' ਹੋਣ। ਰਸੂਲਾਂ ਦੇ ਕੰਮ ਦੀ ਕਹਾਣੀ ਦਾ ਮੁੱਖ ਵਿਸ਼ਾ ਕਲੀਸੀਆ ਦੇ ਮਿਸ਼ਨ ਦਾ ਪੂਰਾ ਹੋਣਾ ਹੈ।

*ਲੂਕਾ ਦਾ ਮਕਸਦ ਪੱਖ ਰੱਖਣਾ ਸੀ।* ਇਹਦੇ ਲਈ ਅੰਗ੍ਰੇਜ਼ੀ ਦਾ ਸ਼ਬਦ ਅਪੋਲੋਜੈਟਿਕ (ਬਚਾਅ ਕਰਨਾ) ਯੂਨਾਨੀ ਭਾਸ਼ਾ ਦੇ ਸ਼ਬਦ ਅਪੋਲੋਜੀਆ ਤੋਂ ਲਿਆ ਗਿਆ ਹੈ, ਜਿਹਦਾ ਮਤਲਬ ਹੈ ''ਪੱਖ ਰੱਖਣਾ।'' ਲੂਕਾ ਦੇ ਸਮੇਂ ਵਿਚ ਮਸੀਹ ਅਤੇ ਮਸੀਹੀਅਤ ਬਾਰੇ ਝੂਠੀਆਂ ਅਫ਼ਵਾਹਾਂ ਫੈਲਾਈਆਂ ਜਾ ਰਹੀਆਂ ਸਨ। ''ਸਭਨੀਂ ਥਾਈਂ ਇਸ ਪੰਥ ਨੂੰ ਬੁਰਾ ਆਖਦੇ'' ਸਨ (ਰਸੂਲਾਂ ਦੇ ਕੰਮ 28:22)। ਲੂਕਾ 1:1 ਤੋਂ ਸਪਸ਼ਟ ਹੁੰਦਾ ਹੈ ਕਿ ਲੂਕਾ ਆਪਣੀਆਂ ਕਿਤਾਬਾਂ ਰਾਹੀਂ ਉਨ੍ਹਾਂ ਗਲਤ ਧਾਰਨਾਵਾਂ ਨੂੰ ਸੁਧਾਰਨਾ ਚਾਹੁੰਦਾ ਸੀ, ਉਹਦੀਆਂ ਕਿਤਾਬਾਂ ਮਸੀਹੀਅਤ ਦੀ ਸਹੀ ਤਸਵੀਰ ਵਿਖਾਉਂਦੀਆਂ ਹਨ, ਖ਼ਾਸ ਕਰਕੇ ਕਿਸੇ ਰੋਮੀ ਹਾਕਮ ਦੇ ਸਾਹਮਣੇ।[22]

ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਲੂਕਾ ਇਸ ਗੱਲ ਤੇ ਜ਼ੋਰ ਦੇਣਾ ਚਾਹੁੰਦਾ ਹੈ ਕਿ ਮਸੀਹੀ ਲੋਕ ਰੋਮੀ ਸਾਮਰਾਜ ਨੂੰ ਨਹੀਂ ਸਗੋਂ ਪਾਪ ਨੂੰ ਹਰਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਲੂਕਾ ਨੇ ਧਿਆਨ ਦੁਵਾਇਆ ਕਿ ਕੁਝ ਰੋਮੀ ਅਧਿਕਾਰੀ ਮਸੀਹੀ ਲੋਕਾਂ ਨਾਲ ਚੰਗਾ ਵਰਤਾਅ ਕਰਦੇ ਸਨ। ਜਿਹੜੇ ਅਜਿਹਾ ਨਹੀਂ ਕਰਦੇ ਉਹ ਰੋਮੀ ਕਾਨੂੰਨ ਦਾ ਵਿਰੋਧ ਕਰ ਰਹੇ ਸਨ। ਲੂਕਾ ਨੇ ਵਿਖਾਇਆ ਕਿ ਅਸਲ 'ਚ ਗੜਬੜੀ ਮਸੀਹੀ ਲੋਕ ਨਹੀਂ ਸਗੋਂ ਯਹੂਦੀ ਲੋਕ ਫੈਲਾਉਂਦੇ ਸਨ।

ਇਸ ਸਬੰਧ ਵਿਚ ਲੂਕਾ ਨੇ ਜ਼ੋਰ ਦਿੱਤਾ ਕਿ ਮਸੀਹੀਅਤ ਪੁਰਾਣੇ ਨੇਮ ਦੀ ਭਵਿੱਖਬਾਣੀ ਦਾ ਪੂਰਾ ਹੋਣਾ ਸੀ। ਇਸ ਲਈ ਮਸੀਹੀਅਤ ਯਹੂਦੀ ਧਰਮ ਲਈ ਅਗਲਾ ਪੜਾਅ ਸੀ। ਇਸ ਕਰਕੇ ਮਸੀਹੀਅਤ ਰੋਮ ਦੀ ਦੇਖ ਰੇਖ ਵਿਚ ਯਹੂਦੀ ਧਰਮ ਵਾਂਗ ਹੀ ਮਾਨਤਾ ਪ੍ਰਾਪਤ ਧਰਮ ਹੋ

ਜਾਣਾ ਚਾਹੀਦਾ ਹੈ।[23]

*ਲੂਕਾ ਦਾ ਮਕਸਦ ਸਿੱਖਿਆਦਾਇਕ ਸੀ।* ''ਸਿੱਖਿਆਦਾਇਕ'' ਸ਼ਬਦ ਲਈ ਅੰਗ੍ਰੇਜ਼ੀ ਭਾਸ਼ਾ ਦਾ ''ਡਿਡੈਕਟਿਕ'' ਸ਼ਬਦ ਯੂਨਾਨੀ ਸ਼ਬਦ ਡਿਡੇਕ ਤੋਂ ਨਿੱਕਲਿਆ ਹੈ, ਜਿਹਦਾ ਅਰਥ ਹੈ ''ਸਿੱਖਿਆ, ਪੜ੍ਹਾਈ ਜਾਂ ਡਾਕਟ੍ਰਿਨ।'' ਲੂਕਾ ਨੇ ਥਿਉਫ਼ਿਲੁਸ ਨੂੰ ਲਿਖਿਆ ਤਾਂ ਜੋ ਉਹ ਉਨ੍ਹਾਂ ਗੱਲਾਂ ਦੀ ਹਕੀਕਤ ਨੂੰ ਜਾਣ ਲਵੇ ਜਿਨ੍ਹਾਂ ਦੀ (ਉਹਨੇ) ਸਿੱਖਿਆ ਪਾਈ। ਲੂਕਾ ਰਾਹੀਂ ਲਿਖਿਆ ਇੰਜੀਲ ਦਾ ਬਿਰਤਾਂਤ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਅਜਿਹੇ ਦਸਤਾਵੇਜ਼ ਹਨ ਜੋ ਸੱਚਾਈ ਦੀ ਸਿੱਖਿਆ ਦਿੰਦੇ ਹਨ।

ਰਸੂਲਾਂ ਦੇ ਕੰਮ ਦੀ ਕਿਤਾਬ ਥਿਉਲੌਜਿਕਲ (ਧਰਮਸ਼ਾਸਤਰੀ) ਹਵਾਲਿਆਂ ਦੀ ਕਿਤਾਬ ਨਹੀਂ ਹੈ ਜਿਸ ਵਿਚ ਵੱਖ ਵੱਖ ਵਿਸ਼ੇ ਬੜੇ ਤਰਤੀਬਬੱਧ ਢੰਗ ਨਾਲ ਦਿੱਤੇ ਗਏ ਹੋਣ, ਸਗੋਂ ਇਸ ਵਿਚ ਵਧੇਰੇ ਡਾਕਟ੍ਰਿਨ ਹੀ ਹੈ। ਅੱਗੇ ਚੱਲ ਕੇ ਅਸੀਂ ਇਸ ਕਿਤਾਬ ਦਾ ਅਧਿਐਨ ਕਰਨ ਸਮੇਂ ਇਸ ਵਿੱਚੋਂ ਮੁਕਤੀ (ਬਚਾਏ ਜਾਣਾ), ਕਲੀਸੀਆ ਅਤੇ ਪਵਿੱਤਰ ਆਤਮਾ ਦੇ ਕੰਮ ਆਦਿ ਵਿਸ਼ਿਆਂ ਬਾਰੇ ਦਿੱਤੀ ਗਈ ਸਿੱਖਿਆ ਵੇਖਾਂਗੇ।

**ਸਮਾਂ**

''ਰਸੂਲਾਂ ਦੇ ਕੰਮ'' ਕਿਤਾਬ ਕਦੋਂ ਲਿਖੀ ਗਈ? ਅਸੀਂ ਉਨ੍ਹਾਂ ਕੁਝ ਉਦਾਰਵਾਦੀ ਵਿਦਵਾਨਾਂ ਦੀ ਗੱਲ ਨੂੰ ਨਾਮੰਜ਼ੂਰ ਕਰਦੇ ਹਾਂ ਜੋ ਇਸ ਨੂੰ ''ਕਥਾ ਕਹਾਣੀਆਂ ਦੇ ਵਧਣ ਤੇ ਸਮੇਂ ਨੂੰ ਇਜਾਜ਼ਤ ਦੇਣ ਲਈ'' ਦੂਜੀ ਸਦੀ ਵਿਚ ਲਿਖੀ ਦੱਸਦੇ ਹਨ।

ਅਸੀਂ ਇਸ ਦੇ ਲਿਖੇ ਜਾਣ ਤੇ ਸਹੀ ਸਹੀ ਸਮੇਂ ਬਾਰੇ ਪੱਕਾ ਨਹੀਂ ਕਹਿ ਸਕਦੇ ਪਰ ਮੇਰੇ ਖਿਆਲ 'ਚ ਇਹ ਕਿਤਾਬ 62 ਸਨ ਦੇ ਅਖ਼ੀਰ ਤਕ ਜਾਂ 63 ਦੇ ਸ਼ੁਰੂ ਵਿਚ ਲਿਖੀ ਜਾ ਚੁੱਕੀ ਸੀ। ਇਹ ਕਿਤਾਬ ਉਨ੍ਹਾਂ ਦੋ ਸਾਲਾਂ ਦਰਮਿਆਨ ਲਿਖੀ ਗਈ ਹੋਵੇਗੀ ਜਿਨ੍ਹਾਂ ਦਾ ਜ਼ਿਕਰ ਕਿਤਾਬ[24] ਦੇ ਅਖ਼ੀਰ ਤੋਂ ਪਹਿਲੀ ਆਇਤ ਵਿਚ ਕੀਤਾ ਗਿਆ ਹੈ।

ਬੇਸ਼ੱਕ ਲੂਕਾ ਦਾ ਮਕਸਦ ਪੌਲੁਸ ਦੀ ਜੀਵਨੀ ਦੱਸਣਾ ਨਹੀਂ ਸੀ, ਫਿਰ ਵੀ ਇਹ ਮੰਨਣਾ ਔਖਾ ਹੈ ਕਿ ਲੂਕਾ ਨੇ ਪੌਲੁਸ ਬਾਰੇ ਕਿਉਂ ਨਹੀਂ ਦੱਸਿਆ ਕਿ ਉਹਦਾ ਕੀ ਬਣਿਆ। ਜੇ ਇਸ ਕਿਤਾਬ ਦੇ ਪੂਰਾ ਹੋਣ ਤੋਂ ਪਹਿਲਾਂ ਨੀਰੋ ਸਾਹਮਣੇ ਪੌਲੁਸ ਦੀ ਪੇਸ਼ੀ ਹੋ ਚੁੱਕੀ ਹੁੰਦੀ ਤਾਂ ਲੂਕਾ ਉਹਦੇ ਬਾਰੇ ਜ਼ਰੂਰ ਲਿਖਦਾ। ਇਹਦੇ ਲਈ ਇੱਕੋ ਵਾਕ ਕਾਫ਼ੀ ਹੋਣਾ ਸੀ।[25]

ਹੇਠ ਲਿਖੇ ਤੱਥ ਇਸ ਗੱਲ ਦੀ ਤਸਦੀਕ ਕਰਦੇ ਹਨ: ਲੂਕਾ ਨੇ ਰੋਮ ਅਤੇ ਰੋਮੀਆਂ ਨੂੰ ਬੇਹਤਰ ਢੰਗ ਨਾਲ ਪੇਸ਼ ਕੀਤਾ ਹੈ। ਜੇ ਉਹ ਰੋਮ ਦੇ ਸੜਨ ਦੇ ਬਾਅਦ ਸਨ 64 ਵਿਚ ਲਿਖਦਾ ਤਾਂ ਤਸਵੀਰ ਹੋਰ ਹੀ ਹੋਣੀ ਸੀ ਅਤੇ ਉਹ ਨੀਰੋ ਵੱਲੋਂ ਮਸੀਹੀ ਲੋਕਾਂ ਨੂੰ ਸਤਾਏ ਜਾਣ ਦਾ ਜ਼ਿਕਰ ਵੀ ਜ਼ਰੂਰ ਕਰਦਾ। ਪੌਲੁਸ ਨੂੰ ਨਹੀਂ ਲਗਦਾ ਸੀ ਕਿ ਉਹ ਅਫ਼ਸੀਆਂ ਦੇ ਐਲਡਰਾਂ ਨੂੰ ਫੇਰ ਤੋਂ ਮਿਲ ਪਾਵੇਗਾ (ਤੁਲਨਾ ਕਰੋ ਰਸੂਲਾਂ ਦੇ ਕੰਮ 20:38)। ਜ਼ਾਹਰ ਹੈ ਕਿ ਉਹ ਉਨ੍ਹਾਂ ਨੂੰ ਫੇਰ ਮਿਲਿਆ (1 ਤਿਮੋਥਿਉਸ 1:3)।[26] ਜੇ ਪੌਲੁਸ ਛੁੱਟ ਕੇ ਅਫ਼ਸੁਸ ਜਾ ਚੁੱਕਿਆ ਹੁੰਦਾ, ਤਾਂ ਲੂਕਾ ਨੇ ਰਸੂਲਾਂ ਦੇ ਕੰਮ 20 ਦਾ ਵਰਣਨ ਹੋਰ ਢੰਗ ਨਾਲ ਕਰਨਾ ਸੀ।

**ਸਥਾਨ**

ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਇਕ ਲੰਮੇ ਅੰਤਰਾਲ (ਵਕਫ਼ੇ) ਵਿਚ ਲਿਖੀਆਂ

ਗਈਆਂ ਹੋਣਗੀਆਂ। ਹੋ ਸਕਦਾ ਹੈ ਕਿ ਲੂਕਾ ਨੇ ਪੌਲੁਸ ਨਾਲ ਘੁੰਮਦਿਆਂ ਆਪਣੇ ਕੋਲ ਇਕ ਡਾਇਰੀ ਰੱਖੀ ਹੋਵੇ। ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਲੂਕਾ ਦੇ ਯਰੂਸ਼ਲਮ ਜਾਣ ਬਾਰੇ ਕਾਫ਼ੀ ਕੁਝ ਲਿਖਿਆ ਜਾ ਸਕਦਾ ਸੀ (ਰਸੂਲਾਂ ਦੇ ਕੰਮ 21:17)। ਇਹ ਵੀ ਹੋ ਸਕਦਾ ਹੈ ਕਿ ਜਦ ਪੌਲੁਸ ਕੈਸਰੀਆ ਵਿਚ ਦੋ ਸਾਲ ਕੈਦ ਰਿਹਾ (ਰਸੂਲਾਂ ਦੇ ਕੰਮ 24:27),[27] ਤਾਂ ਲੂਕਾ ਫ਼ਲਸਤੀਨ ਵਿਚ ਰੁਕ ਕੇ ਜਾਣਕਾਰੀ ਇਕੱਠੀ ਕਰਦਾ ਅਤੇ ਲਿਖਦਾ ਰਿਹਾ ਹੋਵੇਗਾ। ਦੋ ਸਾਲ ਬਾਅਦ ਲੂਕਾ ਪੌਲੁਸ ਨਾਲ ਰੋਮ ਵਿਚ ਗਿਆ (ਰਸੂਲਾਂ ਦੇ ਕੰਮ 27:1) ਅਤੇ ਉੱਥੇ ਉਹਦੇ ਨਾਲ ਰਿਹਾ (ਫਿਲੇਮੋਨ 23। ਜੇ ਇਹ ਤਰੀਕ ਸਹੀ ਹੈ ਤਾਂ ਕਿਤਾਬ ਰੋਮ ਵਿਚ ਹੀ ਪੂਰੀ ਹੋਈ ਹੋਵੇਗੀ।

ਕੁਝ ਲੋਕ ਅਫ਼ਸੁਸ ਵਿਚ ਸੀਰੀਆ ਦੇ ਅੰਤਾਕੀਆ, ਕੈਸਰੀਆ ਜਾਂ ਫਿਰ ਕਿਸੇ ਹੋਰ ਥਾਂ ਤੇ ਇਸ ਦੇ ਲਿਖੇ ਜਾਣ ਦੀ ਗੱਲ ਕਰਦੇ ਹਨ। ਪਰ ਕਿਤਾਬ ਦੀ ਸਿੱਖਿਆ ਤੇ ਇਸ ਦੇ ਲਿਖੇ ਜਾਣ ਦੇ ਥਾਂ ਨਾਲ ਕੋਈ ਫ਼ਰਕ ਨਹੀਂ ਪੈਂਦਾ।

### ਸਾਰ

ਰਸੂਲਾਂ ਦੇ ਕੰਮ ਦੀ ਕਿਤਾਬ ਪੜ੍ਹਦਿਆਂ ਸਾਨੂੰ ਜੋਸ਼ ਆ ਜਾਂਦਾ ਹੈ ਅਤੇ ਕੰਬਣੀ ਜਿਹੀ ਛਿੜ ਜਾਂਦੀ ਹੈ। ਪਹਿਲੀ ਸਦੀ ਦੇ ਮਸੀਹੀ ਲੋਕਾਂ ਵੱਲੋਂ ਪ੍ਰਭੂ ਲਈ ਕੀਤਾ ਕੰਮ ਸਾਨੂੰ ਜੋਸ਼ ਨਾਲ ਭਰ ਦਿੰਦਾ ਹੈ। ਸਾਡਾ ਯਕੀਨ ਹੈ ਕਿ ਮਨੁੱਖ ਨੇ ਜੋ ਪਹਿਲਾਂ ਕੀਤਾ ਹੈ, ਉਹੀ ਕੰਮ ਉਹ (ਖ਼ੁਦਾ ਦੀ ਮਦਦ ਨਾਲ) ਫੇਰ ਕਰ ਸਕਦਾ ਹੈ। ਦੂਜੇ ਪਾਸੇ, ਹੋ ਸਕਦਾ ਹੈ ਕਿ ਮੁੱਢਲੀ ਕਲੀਸੀਆ ਦੀ ਆਪਣੇ ਨਾਲ ਤੁਲਨਾ ਕਰਨ ਤੇ ਸਾਨੂੰ ਕੰਬਣੀ ਛਿੜ ਜਾਵੇ। ਮੁੱਢਲੀ ਕਲੀਸੀਆ ਦੀ ਤੁਲਨਾ ਅੱਜ ਦੀਆਂ ਬਹੁਤ ਸਾਰੀਆਂ ਮੰਡਲੀਆਂ ਨਾਲ ਕਰਨਾ ਬਿਲਕੁਲ ਉਵੇਂ ਹੋ ਸਕਦਾ ਹੈ ਜਿਵੇਂ ਕਿਸੇ ਐਟਮ ਬੰਬ ਦੇ ਧਮਾਕੇ ਸਾਹਮਣੇ ਖਿਡੌਣੇ ਵਾਲੀ ਬੰਦੂਕ ਦੀ ਪਟਾਕੇ ਦੀ ਅਵਾਜ਼ ਹੋਵੇ। ਪਹਿਲੇ ਮਸੀਹੀ ਲੋਕਾਂ ਨੇ ''ਜਗਤ ਨੂੰ ਉਲਟਾ ਦਿੱਤਾ'' ਸੀ (ਰਸੂਲਾਂ ਦੇ ਕੰਮ 17:6)। ਸਾਡੇ ਵਿੱਚੋਂ ਬਹੁਤਿਆਂ ਨੇ ਅਜੇ ਜਗਤ ਨੂੰ ਮਾੜਾ ਜਿਹਾ ਹਿਲਾਇਆ ਵੀ ਨਹੀਂ ਹੈ। ਮੈਨੂੰ ਉਮੀਦ ਹੈ ਕਿ ਅਸੀਂ ਆਪਣੇ ਉਨ੍ਹਾਂ ਜੋਸ਼ੀਲੇ ਰਹਿਨੁਮਾਵਾਂ ਦੇ ਜੋਸ਼ ਵਿੱਚੋਂ ਕੁਝ ਲੈ ਕੇ ਫੇਰ ਤੋਂ ''ਧਰਤੀ ਨੂੰ ਹਿਲਾਉਣ ਵਾਲੇ'' ਲੋਕਾਂ ਦੀ ਮੰਡਲੀ ਬਣ ਜਾਵਾਂਗੇ।

---

## ਵਿਜ਼ੂਅਲ-ਏਡ ਨੋਟਸ

---

ਮੈਂ ਇਸ ਪਾਠ ਅਤੇ ਅਗਲੇ ਪਾਠ ਲਈ ਚਿੱਤਰਾਂ ਰਾਹੀਂ ਸਮਝਾਉਣ ਲਈ ਸ਼ੁਰੂ ਵਿਚ ਅਸਾਨ ਜਿਹੀ ਵਿਜ਼ੂਅਲ-ਏਡ ਵਰਤੋਂ ਕੀਤੀ (ਜੇ ਤੁਹਾਡੇ ਕੋਲ ਪ੍ਰੋਜੈਕਟਰ ਨਹੀਂ ਹੈ, ਤਾਂ ਬੋਰਡ ਜਾਂ ਕਿਸੇ ਚਾਰਟ ਤੇ ਖ਼ਾਸ ਖ਼ਾਸ ਗੱਲਾਂ ਲਿਖ ਸਕਦੇ ਹੋ)। ਮੈਂ ਸਿੱਖਣ ਵਾਲਿਆਂ ਨੂੰ ਮੁੱਖ ਗੱਲਾਂ ਦੇ ਨਾਲ ਹੋਰ ਨੋਟਸ ਲਿਖਣ ਲਈ ਕਾਗਜ਼ ਦਿੱਤੇ।

ਮੈਂ ਵੱਖ-ਵੱਖ ਗੱਲਾਂ ਨੂੰ ਬੋਰਡ ਤੇ ਬਣਾ ਕੇ ਵਿਖਾਇਆ। ਉਦਾਹਰਣ ਲਈ, ਜਦ ਮੈਂ ਇਕ ਇਤਹਾਸਕਾਰ ਦੇ ਨਾਤੇ ਲੂਕਾ ਵੱਲੋਂ ਚੋਣ ਕਰਨ ਦੀ ਗੱਲ ਕੀਤੀ, ਤਾਂ ਮੈਂ ਬੋਰਡ ਤੇ ਇਕ ਨਿਸ਼ਾਨ ਲਗਾ ਦਿੱਤਾ ਅਤੇ ਇਸ ਨੂੰ ਨਾਮ ਦਿੱਤਾ ''ਯਰੂਸ਼ਲਮ।'' ਉਸ ਕੇਂਦਰ ਤੋਂ ਮੈਂ ਵੱਖ ਵੱਖ ਰਸੂਲਾਂ ਅਤੇ ਹੋਰ ਲੋਕਾਂ ਦੇ ਕੰਮਾਂ ਨੂੰ ਵਿਖਾਉਂਦਿਆਂ ਹਰ ਪਾਸੇ ਵੱਲ ਕਈ ਲਕੀਰਾਂ ਖਿੱਚੀਆਂ, ਜੋ ਵੱਖ ਵੱਖ ਰਸੂਲਾਂ ਅਤੇ ਹੋਰ ਲੋਕਾਂ ਦੇ ਕੰਮ ਨੂੰ ਦਰਸਾਉਂਦੀਆਂ ਸਨ, ਜੋ ਧਰਤੀ ਦੇ ਵੱਖ ਵੱਖ

ਭਾਗਾਂ ਵਿਚ ਗਏ। ਫਿਰ ਮੈਂ ਰੇਖਾਂਵਾਂ ਵਿੱਚੋਂ ਇਕ ਨੂੰ ਮੋਟਾ ਕੀਤਾ ਅਤੇ ਇਸ ਨੂੰ ਇਹ ਵਿਖਾਉਣ ਲਈ ''ਪਤਰਸ ਦਾ ਕੰਮ'' ਨਾਂ ਦਿੱਤਾ ਕਿਉਂਕਿ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਲੂਕਾ ਨੇ ਜਾਣ ਬੁੱਝ ਕੇ ਪਤਰਸ ਦੇ ਕੰਮ ਨੂੰ ਚੁਣਿਆ।

ਪੂਰੇ ਅਧਿਐਨ ਲਈ, ਨਵੇਂ ਨੇਮ ਦੇ ਸੰਸਾਰ ਦਾ ਵੱਡਾ ਨਕਸ਼ਾ ਵਿਖਾਉਣਾ ਫ਼ਾਇਦੇਮੰਦ ਹੋਵੇਗਾ।

ਜੇ ਇਸ ਸਮੱਗਰੀ ਦੀ ਵਰਤੋਂ ਕਲਾਸ ਵਿਚ ਕੀਤੀ ਜਾਂਦੀ ਹੈ, ਤਾਂ ਸਿੱਖਣ ਵਾਲਿਆਂ ਦੇ ਮਨਾਂ ਵਿਚ ਮੁੱਖ ਗੱਲਾਂ ਪਾਉਣ ਲਈ ਫ਼ਲੈਸ਼ ਕਾਰਡ ਸਹੀ ਰਹਿਣਗੇ। ਫ਼ਲੈਸ਼ ਕਾਰਡ ਗੱਤੇ ਜਾਂ ਪੋਸਟਰ ਦਾ ਇਕ ਟੁਕੜਾ ਹੁੰਦਾ ਹੈ ਜਿਸ ਵਿਚ ਇਕ ਪਾਸੇ ਸਵਾਲ ਹੁੰਦਾ ਹੈ ਅਤੇ ਦੂਜੇ ਪਾਸੇ ਜਵਾਬ। ਕਲਾਸ ਨੂੰ ਸਵਾਲ ਵਾਲਾ ਹਿੱਸਾ ''ਫ਼ਲੈਸ਼ ਕਾਰਡ'' ਵਿਖਾਇਆ ਜਾਂਦਾ ਹੈ ਅਤੇ ਉਨ੍ਹਾਂ ਨੂੰ ਜਵਾਬ ਦੇਣ ਲਈ ਕਿਹਾ ਜਾਂਦਾ ਹੈ। ਫਿਰ ਕਲਾਸ ਨੂੰ ਇਹ ਦੱਸਣ ਲਈ ਕਿ ਉਨ੍ਹਾਂ ਨੇ ਸਹੀ ਜਵਾਬ ਦਿੱਤਾ, ਦੂਜਾ ਹਿੱਸਾ ਵਿਖਾਇਆ ਜਾਂਦਾ ਹੈ। ਕਲਾਸ ਦੇ ਹਰ ਪੀਰਿਅਡ ਦੇ ਸ਼ੁਰੂ ਵਿਚ ਇਹ ਕਾਰਡ ਵਿਖਾਉਣਾ ਬਹੁਤ ਹੀ ਚੰਗਾ ਹੈ। ਜੇ ਤੁਸੀਂ ਫ਼ਲੈਸ਼ ਕਾਰਡ ਵਰਤਣ ਦਾ ਫ਼ੈਸਲਾ ਕਰਦੇ ਹੋ, ਤਾਂ ਹਰ ਪਾਠ ਵਿੱਚੋਂ ਕੁਝ ਗੱਲਾਂ ਚੁਣੋ ਜਿਨ੍ਹਾਂ ਤੇ ਤੁਸੀਂ ਕਾਰਡਾਂ ਵਿਚ ਜ਼ੋਰ ਦੇਣਾ ਚਾਹੁੰਦੇ ਹੋ। ਕਲਾਸ ਦੇ ਲੋਕ ਗੱਤੇ ਜਾਂ ਕਾਗਜ਼ ਦੇ ਛੋਟੇ ਛੋਟੇ ਟੁਕੜਿਆਂ ਨਾਲ ਆਪਣੇ ਲਈ ਖ਼ੁਦ ਇਹੋ ਜਿਹੇ ਫ਼ਲੈਸ਼ ਕਾਰਡ ਬਣਾ ਸਕਦੇ ਹਨ।

---

ਟਿੱਪਣੀਆਂ

[1]ਪਾਠ ਸ਼ੁਰੂ ਕਰਨ ਲਈ ਵਿਅਕਤੀਗਤ ਉਦਾਹਰਣਾਂ ਦੀ ਵਰਤੋਂ ਕਰਨ ਦੀ ਬਜਾਏ ਕਿਸੇ ਪ੍ਰਸਿੱਧ ਲੜੀ ਦੀਆਂ ਉਦਾਹਰਣਾਂ ਵਰਤੀਆਂ ਜਾ ਸਕਦੀਆਂ ਹਨ, ਜਿਨ੍ਹਾਂ ਤੋਂ ਲੋਕ ਵਾਕਫ਼ ਹੋਣ। [2]ਅਰਥਾਵਲੀ ਵਿਚ ਵੇਖੋ ''ਰਸੂਲ।'' [3]ਯੂਹੰਨਾ ਦਾ ਜ਼ਿਕਰ ਪੌਲੁਸ ਦੇ ਹਮਸਫ਼ਰ ਦੇ ਰੂਪ ਵਿਚ ਕੀਤਾ ਗਿਆ ਹੈ, ਸਾਨੂੰ ਦੱਸਿਆ ਗਿਆ ਹੈ ਕਿ ਯਾਕੂਬ ਮਰ ਗਿਆ। [4]ਉਦਾਹਰਣ ਲਈ ਰਸੂਲਾਂ ਦੇ ਕੰਮ 1:19 ਵਿਚ ਵਿਆਖਿਆ ਹੈ ਕਿ ''*ਉਨ੍ਹਾਂ ਦੀ* ਭਾਸ਼ਾ ਵਿਚ'' (ਯਾਨੀ ਅਰਾਮੀ ਵਿਚ) ''ਅਕਲਦਮਾ'' ਦਾ ਅਰਥ ''ਲਹੂ ਦਾ ਖੇਤ'' ਹੈ। [5]ਜੇ ਛਾਂਟਣ ਦੀ ਪ੍ਰਕ੍ਰਿਆ ਵਿਚ ਤੁਹਾਡੀ ਦਿਲਚਸਪੀ ਹੈ, ਤਾਂ ਬਹੁਤ ਸਾਰੀਆਂ ਭੂਮਿਕਾਵਾਂ ਇਸ ਨੂੰ ਵਿਸਤਾਰ ਦਿੰਦੀਆਂ ਲੱਗਣਗੀਆਂ। [6]ਉਦਾਹਰਣਾਂ ਵਿਚ ਲੂਕਾ 4:35; 9:39; 18:25 ਸ਼ਾਮਲ ਹਨ (ਡਾਕਟਰੀ ਵਿਚ ਵਰਤੇ ਜਾਣ ਵਾਲੇ ਸ਼ਬਦ ਯੂਨਾਨੀ ਵਿਚ ਮਿਲਦੇ ਹਨ, ਪਰ ਪੰਜਾਬੀ ਵਿਚ ਨਹੀਂ-ਅਨੁਵਾਦਕ)। [7]ਰਸੂਲਾਂ ਦੇ ਕੰਮ 1 ਵਿਚ ਅਰਾਮੀ ਭਾਸ਼ਾ ਨੂੰ ''*ਉਨ੍ਹਾਂ ਦੀ* ਭਾਸ਼ਾ'' ਕਿਹਾ ਗਿਆ ਹੈ (ਆਇਤ 19); ਕੁਲੁੱਸੀਆਂ 4:10, 11 ਅਤੇ 14 ਵਿਚ ਲੂਕਾ ''ਸੁੰਨਤ ਕੀਤੇ ਹੋਏ ਲੋਕਾਂ'' (ਯਾਨੀ ਯਹੂਦੀਆਂ) ਨਾਲੋਂ ਫ਼ਰਕ ਹੈ। ਫਿਰ ''ਲੂਕਾ'' ਇਕ ਯੂਨਾਨੀ ਨਾਮ ਹੈ। [8]ਇਹ ਜਾਣਕਾਰੀ ਮਾਰਸੀਅਨਵਾਦ ਵਿਰੋਧੀ ਪ੍ਰਸਤਾਵਨਾ ਅਤੇ ਰਸੂਲਾਂ ਦੇ ਕੰਮ 11:28 ਵੀ ਪੱਛਮੀ ਲਿਖਤ ਤੋਂ ਮਿਲਦੀ ਹੈ। ਪੱਛਮੀ ਲਿਖਤ ਤੇ ਨੋਟਸ ਵੇਖੋ। ਭਾਵੇਂ ਕੁਝ ਵਿਦਵਾਨਾਂ ਦਾ ਮੰਨਣਾ ਹੈ ਕਿ ਲੂਕਾ ਦਾ ਜੱਦੀ ਸ਼ਹਿਰ ਤ੍ਰੋਆਸ, ਫ਼ਿਲਿੱਪੀ ਜਾਂ ਕਿਤੇ ਹੋਰ ਸੀ। ਅਤੇ ਮਾਰਸੀਅਨਵਾਦ ਵਿਰੋਧੀ ਪ੍ਰਸਤਾਵਨਾ ਮੁਤਾਬਕ ਉਹ ਕੁਆਰਾ ਸੀ, ਉਹਦੀ ਕੋਈ ਔਲਾਦ ਨਹੀਂ ਸੀ ਅਤੇ 84 ਸਾਲ ਦੀ ਉਮਰ ਵਿਚ ਉਹਦੀ ਮੌਤ ਹੋ ਗਈ। [9]ਅਰਥਾਵਲੀ ਵਿਚ ਵੇਖੋ ''ਭਵਿੱਖਬਾਣੀ।'' [10]ਲੂਕਾ 1:3 ਵਿਚ ਇੱਜ਼ਤ ਦਿੰਦਿਆਂ ''ਸਰਵ ਉਪਮਾ ਯੋਗ'' ਕਿਹਾ ਗਿਆ, ਜਦ ਕਿ ਰਸੂਲਾਂ ਦੇ ਕੰਮ 1:1 ਵਿਚ ਵਾਕਾਂਸ਼ ਸ਼ਾਮਲ ਨਹੀਂ ਕੀਤਾ ਗਿਆ। ਸ਼ਾਇਦ ਇਸ ਵਿਚ ਕੋਈ ਵੱਡੀ ਗੱਲ ਨਹੀਂ ਹੈ। ਉਸ ਸਮੇਂ ਲਿਖੀਆ ਗਈਆਂ ਦੋ ਕਿਤਾਬਾਂ ਦੀ ਦੂਜੀ ਕਿਸ਼ਤ ਵਿਚ ਇਸੇ ਨਮੂਨੇ ਦੀ ਵਰਤੋਂ ਕੀਤੀ ਗਈ।

[11]ਹੋਰ ਭਿੰਨਤਾਵਾਂ ਵਿਚ ''ਖ਼ੁਦਾ ਦਾ ਦੋਸਤ'' ਅਤੇ ''ਖ਼ੁਦਾ ਨੂੰ ਪਿਆਰਾ'' ਸ਼ਾਮਲ ਹਨ। [12]ਨਵੇਂ ਨੇਮ ਦੀ ਕਿਸੇ ਵੀ ਹੋਰ ਲੇਖਕ ਨੇ ਆਪਣੇ ਲੇਖਾਂ ਵਿਚ ਇਸ ਤਰ੍ਹਾਂ ਸੰਬੋਧਿਤ ਨਹੀਂ ਕੀਤਾ। [13]ਯੂਹੰਨਾ 20:30, 31 ਅਤੇ

1 ਯੂਹੰਨਾ 1:4 ਉਦੇਸ਼ ਸਪੱਸ਼ਟ ਕਰਨ ਵਾਲੇ ਵਾਕਾਂ ਦੀਆਂ ਉਦਾਹਰਣਾਂ ਹਨ। [14]ਦੋ ਉਦਾਹਰਣਾਂ ਲਈ ਸਮੇਂ ਅਤੇ ਪੁਰਾਤੱਤਵ ਵਿਗਿਆਨ ਨੇ ਕਿਵੇਂ ਲੂਕਾ ਨੂੰ ਸਹੀ ਸਿੱਧ ਕੀਤਾ ਹੈ, ਉਹਦੇ ਲਈ ਇਸ ਲੜੀ ਵਿਚ ਰਸੂਲਾਂ ਦੇ ਕੰਮ 17:6, 8; 28:7 ਤੇ ਨੋਟਸ ਵੇਖੋ। [15]ਲੂਕਾ ਵੱਲੋਂ ਵਰਤੇ ਗਏ ਸਰੋਤਾਂ ਦਾ ਵਰਣਨ ਇਸ ਲੜੀ ਵਿਚ ਅੱਗੇ ''ਲੂਕਾ ਰਾਹੀਂ ਵਰਤੇ ਗਏ ਸੰਭਾਵਿਤ ਸਰੋਤ'' ਤੇ ਵਾਧੂ ਪਾਠ ਵਿਚ ਦਿੱਤਾ ਜਾਵੇਗਾ। ਹੋ ਸਕਦਾ ਹੈ, ਪਰ ਲਗਦਾ ਨਹੀਂ ਕਿ ਪੌਲੁਸ ਰਾਹੀਂ ਬਦਲੇ ਗਏ ਦਾਸਾਂ ਨੇ ਇਹ ਗੱਲਾਂ ਸੁਣੀਆ ਹੋਣ। ਕੁਝ ਟੀਕਾਕਾਰਾਂ ਦੀ ਸਲਾਹ ਹੈ ਕਿ ਬਾਈਬਲ ਨੂੰ ਮੌਖਿਕ ਪ੍ਰੇਰਣਾ ਨਾਲ ਦਿੱਤੀ ਗਈ ਮੰਨਣ ਵਾਲੇ ਵਿਅਕਤੀ ਲਈ ਲੂਕਾ ਦੀਆਂ ਇਹ *ਖੋਜੀ* ਗੱਲਾਂ ਬੇਤੁਕੀਆਂ ਹੋਣਗੀਆਂ। [16]ਹੈਰਾਨੀ ਦੀ ਗੱਲ ਹੈ ਕਿ ਇਸ ਖ਼ੁਦਾਈ ''ਸਰੋਤ'' ਦਾ ਜ਼ਿਕਰ ਬਹੁਤੇ ਟੀਕਾਕਾਰਾਂ ਨੇ ਨਹੀਂ ਕੀਤਾ। [17]ਕੁਝ ਟੀਕਾਕਾਰ ''ਅਰੰਭ'' ਤੇ ਜ਼ੋਰ ਦਿੰਦੇ ਹਨ ਕਿ ਇਹ ਸਿਰਫ਼ ਇਕ ਸਹਾਇਕ ਕ੍ਰਿਆ ਹੈ ਕਿਉਂਕਿ ਮੌਰਮਨ ਲੋਕਾਂ ਦਾ ਮੰਨਣਾ ਹੈ ਕਿ ''ਯਿਸੂ ਕਰਨ ਅਤੇ ਸਿਖਾਉਣ ਲੱਗਾ'' ਦੀ ਦੁਰਵਰਤੋਂ ਹੋਈ ਹੈ। ਉਨ੍ਹਾਂ ਨੇ ਇਹਦੀ ਵਰਤੋਂ ਇਹ ਸਿਖਾਉਣ ਲਈ ਕੀਤੀ ਹੈ ਕਿ ਉੱਪਰ ਉਠਾਏ ਜਾਣ ਦੇ ਬਾਅਦ ਯਿਸੂ ਅਮਰੀਕਾ ਵਿਚ ਗਿਆ ਅਤੇ ਉੱਥੇ ਉਸ ਨੇ ਵਿਸ਼ੇਸ਼ ਪ੍ਰਕਾਸ਼ ਜਾਂ ਮੁਕਾਸ਼ਫ਼ਾ (ਮੌਰਮਨਾਂ ਦੀ ਕਿਤਾਬ) ਦਿੱਤਾ। ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਅੱਗੇ ਅਸੀਂ ਵੇਖਾਂਗੇ ਕਿ ਯਿਸੂ *ਆਪਣੇ ਲੋਕਾਂ ਦੇ ਰਾਹੀਂ* ਲਗਾਤਾਰ ਕੰਮ ਕਰਦਾ ਰਿਹਾ। ਮੌਰਮਨ ਸਿੱਖਿਆ ਦੇ ਦਾਅਵੇ ਗਲਤ ਹਨ। [18]ਯਿਸੂ ਦੀ ਮੌਜੂਦਗੀ ਦੀ ਗੱਲ ਕਹਿਣ ਵਾਲਾ ਨਵੇਂ ਨੇਮ ਦਾ ਲੇਖਕ ਸਿਰਫ਼ ਲੂਕਾ ਹੀ ਨਹੀਂ ਸੀ। ਪ੍ਰਕਾਸ਼ ਦੀ ਪੋਥੀ 1 ਤੋਂ 3 ਵਿਚ ਯੂਹੰਨਾ ਨੇ ਲਿਖਿਆ ਹੈ ਕਿ ਯਿਸੂ ਕਲੀਸੀਆਵਾਂ ''ਵਿਚਾਲੇ ਫਿਰਦਾ ਹੈ'' ਅਤੇ ਸਾਡੇ ਬਾਰੇ ਸਭ ਕੁਝ ਜਾਣਦਾ ਹੈ (ਵੇਖੋ ਪ੍ਰਕਾਸ਼ ਦੀ ਪੋਥੀ 1:13, 20; 2:1)। [19]ਇਹ ਸਲਾਹ ਜ਼ਰੂਰ ਹੀ ਪਵਿੱਤਰ ਆਤਮਾ ਨੂੰ ਪਰੇਸ਼ਾਨ ਕਰ ਦੇਵੇਗੀ ਜੋ ਆਪਣੇ ਆਪ ਨੂੰ ਨਹੀਂ ਸਗੋਂ ਯਿਸੂ ਨੂੰ ਪ੍ਰਗਟ ਕਰਨ ਆਇਆ (ਯੂਹੰਨਾ 15:26; 16:14)। [20]ਇਕ ਹੋਰ ਦਿਲਚਸਪ ਗੱਲ ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਮਰਕੁਸ 16:17, 18 ਦੇ ਵਾਅਦੇ ਨੂੰ ਪੂਰਾ ਹੁੰਦਿਆਂ ਵੇਖਣਾ ਹੈ। ਜਦ ਰਸੂਲਾਂ ਦੇ ਕੰਮ 28:1-6 ਵਿਚ ਪੌਲੁਸ ਨੂੰ ਇਕ ਜ਼ਹਿਰੀਲਾ ਸੱਪ ਡੰਗ ਜਾਂਦਾ ਹੈ।

[21]ਮਸੀਹੀ ਯੂਨੀਵਰਸਿਟੀਆਂ ਵਿਚ ਮਿਸ਼ਨ ਦੀਆਂ ਕਲਾਸਾਂ ਵਿਚ ਮਿਸ਼ਨ ਦੇ ਸਿਧਾਂਤ ਅਤੇ ਢੰਗਾਂ ਦੀ ਖੋਜ ਲਈ ਵਰਕਰਾਂ ਦੀਆਂ ਟੀਮਾਂ ਭੇਜਣਾ, ਭੂਗੋਲਿਕ ਕੇਂਦਰ ਕਾਇਮ ਕਰਨਾ ਅਤੇ ਉੱਥੋ ਅੱਗੇ ਵੱਧਣ ਆਦਿ ਲਈ ਰਸੂਲਾਂ ਦੇ ਕੰਮ ਕਿਤਾਬ ਦਾ ਅਧਿਐਨ ਕੀਤਾ ਜਾਂਦਾ ਹੈ। [22]ਇਹ ਕਹਿਣਾ ਅੱਤਕਥਨੀ ਹੋਵੇਗਾ ਕਿ ਲੂਕਾ ਨੇ ਰਸੂਲਾਂ ਦੇ ਕੰਮ ਕਿਤਾਬ ਪੌਲੁਸ ਦੀ ਪੇਸ਼ੀ ਲਈ ''ਇਕ ਸਫ਼ਾਈ'' ਦੇ ਰੂਪ ਵਿਚ ਲਿਖੀ ਸੀ ਕਿਉਂਕਿ ਲੂਕਾ ਅਤੇ ਰਸੂਲਾਂ ਦੇ ਕੰਮ ਦੀ ਕਿਤਾਬ ਦੀ ਜ਼ਿਆਦਾਤਰ ਸਮੱਗਰੀ ਉਸ ਮਕਸਦ ਨਾਲ ਮੇਲ ਨਹੀਂ ਖਾਂਦੀ। ਦੂਜੇ ਪਾਸੇ ਇਹ ਸਾਫ਼ ਹੈ ਕਿ ਲੂਕਾ ਨੇ ਰੋਮੀ ਸਰਕਾਰ ਬਾਰੇ ਕਲੀਸੀਆ ਦੇ ਰਚਨਾਤਮਕ ਵਿਚਾਰ ਨੂੰ ਜਾਣ ਬੁੱਝ ਕੇ ਪੇਸ਼ ਕੀਤਾ। [23]ਰੋਮੀ ਹਕੂਮਤ ਦੌਰਾਨ ਜਾਇਜ਼ ਅਤੇ ਮਾਨਤਾ ਤੋਂ ਬਿਨਾ ਧਰਮ ਸਨ। ਮਾਨਤਾ ਪ੍ਰਾਪਤ ਧਰਮਾਂ ਨੂੰ ਰੋਮ ਦੁਆਰਾ ਸੁਰੱਖਿਆ ਮੁਹੱਈਆ ਕਰਵਾਈ ਜਾਂਦੀ ਸੀ। ਯਹੂਦੀ ਧਰਮ ਇਕ ਮਾਨਤਾ ਪ੍ਰਾਪਤ ਧਰਮ ਸੀ। ਆਖ਼ਿਰ ਮਸੀਹੀਅਤ ਨੇ ਗੈਰ ਕਾਨੂੰਨੀ (ਮਾਨਤਾ ਤੋਂ ਬਿਨਾ) ਧਰਮ ਐਲਾਨਿਆ ਜਾਣਾ ਸੀ ਜਿਸ ਨਾਲ ਰੋਮੀ ਸਰਕਾਰ ਵੱਲੋਂ ਇਸ ਉੱਤੇ ਜ਼ੁਲਮ ਹੋਣਾ ਸੀ। [24]ਦੂਜੀ ਸਦੀ ਦੇ ਪਿਛਲੇ ਭਾਗ ਵਿਚ, ਇਰੇਨਿਉਸ ਨੇ ਲਿਖਿਆ ਹੈ ਕਿ ਰਸੂਲਾਂ ਦੇ ਕੰਮ ਦੀ ਕਿਤਾਬ ਪਤਰਸ ਅਤੇ ਪੌਲੁਸ ਦੀ ਮੌਤ ਦੇ ਬਾਅਦ ਲਿਖੀ ਗਈ, ਪਰ ਜ਼ਿਆਦਾਤਰ ਵਿਦਵਾਨਾਂ ਦਾ ਮੰਨਣਾ ਹੈ ਕਿ ਇੱਥੇ ਉਹ ਗਲਤ ਸੀ। [25]ਲੂਕਾ ਨੇ ਯਾਕੂਬ ਦੀ ਮੌਤ ਨੂੰ ਯੂਨਾਨੀ ਭਾਸ਼ਾ ਵਿਚ ਸਿਰਫ਼ ਅੱਠ ਸ਼ਬਦਾਂ ਵਿਚ ਲਿਖਿਆ ਹੈ (ਰਸੂਲਾਂ ਦੇ ਕੰਮ 12:2)। [26]ਬਹੁਤ ਸਾਰੇ ਵਿਦਵਾਨਾਂ ਦਾ ਮੰਨਣਾ ਹੈ ਕਿ ਪੌਲੁਸ ਰੋਮ ਵਿਚ ਕੈਦ ਤੋਂ ਛੁੱਟ ਗਿਆ ਸੀ (ਵੇਖੋ ਫਿਲੇਮੋਨ 22) ਅਤੇ ਉਹਨੇ ਸਿੱਖਿਆ ਦੇਣ ਲਈ ਵਧੇਰੇ ਸਫ਼ਰ ਕੀਤੇ ਅਤੇ ਉਨ੍ਹਾਂ ਸਫ਼ਰਾਂ ਵਿੱਚੋਂ ਇਕ ਅਫ਼ਸੁਸ ਦਾ ਸਫ਼ਰ ਵੀ ਸੀ, ਜਿੱਥੇ ਉਹ ਤਿਮੋਥਿਉਸ ਨੂੰ ਛੱਡ ਗਿਆ (1 ਤਿਮੋਥਿਉਸ 1:3)। 1 ਤਿਮੋਥਿਉਸ ਸ਼ਾਇਦ ਪੌਲੁਸ ਦੀ ਗ੍ਰਿਫ਼ਤਾਰੀ ਅਤੇ ਮਾਰੇ ਜਾਣ ਤੋਂ ਪਹਿਲਾਂ ਉਹਦੇ ਕੁਝ ਦੇਰ ਲਈ ਅਜ਼ਾਦ ਹੋਣ ਸਮੇਂ ਲਿਖੀ ਗਈ (2 ਤਿਮੋਥਿਉਸ 4:6-8)। [27]ਇਲਾਕੇ ਵਿਚ ਪੌਲੁਸ ਦੇ ਆਉਣ ਸਮੇਂ ਲੂਕਾ ਉਹਦੇ ਨਾਲ ਸੀ (ਰਸੂਲਾਂ ਦੇ ਕੰਮ 21:17), ਉੱਥੋਂ ਜਾਣ ਸਮੇਂ ਵੀ ਲੂਕਾ ਉਹਦੇ ਨਾਲ ਸੀ (ਰਸੂਲਾਂ ਦੇ ਕੰਮ 27:1)।